ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 14 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੧ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਭਾਜਪਾ ਦੀ ਕੋਝੀ ਚਾਲ ਅਸੀਂ ਕੀਤੀ ਨਾਕਾਮ, ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਦੀ ਹੋਈ ਜਿੱਤ : ਮੁੱਖ ਮੰਤਰੀ

**ਲੁਧਿਆਣਾ, 14 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਦੇ ਵਿਵਾਦ ਮਾਮਲੇ ਨੂੰ ਹੁਣ ਠੱਲ੍ਹ ਪੈਂਦੀ ਜਾਪਦੀ ਹੈ। ਇਸ ਮਾਮਲੇ ਦੀ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਸੁਣਵਾਈ ਹੋਈ। ਇਸ ਦੌਰਾਨ ਹਾਈ ਕੋਰਟ ਨੇ ਕੇਂਦਰ ਸਰਕਾਰ, ਹਰਿਆਣਾ ਅਤੇ ਬੀਬੀਐਮਬੀ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ ਜਿਸ ਤੋਂ ਬਾਅਦ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਨੂੰ ਆਪਣੀ ਜਿੱਤ ਦੱਸਿਆ। ਲੁਧਿਆਣਾ ਵਿਖੇ ਨਵੇਂ ਹਾਈ ਲੈਵਲ ਪੁਲ਼ ਦਾ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀਜੇਪੀ ਦੀ ਕੇਂਦਰ ਸਰਕਾਰ ਨੇ ਸਾਨੂੰ ਪਾਣੀਆਂ ਦੇ ਮਸਲੇ 'ਚ ਉਲਝਾ ਕੇ ਪੰਜਾਬ ਦੇ ਵਿਕਾਸ ਦੇ ਕੰਮਾਂ 'ਚ ਰੁਕਾਵਟਾਂ ਪਾਉਣ ਦੀ ਕੋਝੀ ਚਾਲ ਚੱਲੀ, ਜੋ ਅਸੀਂ ਨਾਕਾਮ ਕੀਤੀ। ਅਸੀਂ ਸਾਡੇ ਪਾਣੀਆਂ ਨੂੰ ਲੈ ਕੇ ਤਰਕਾਂ ਦੇ ਅਧਾਰ 'ਤੇ ਕੋਰਟ 'ਚ ਵੀ ਲੜਾਈ ਜਿੱਤੀ ਤੇ ਪੰਜਾਬ ਦੇ ਹੱਕਾਂ ਦੀ ਡਟ ਕੇ ਰਾਖੀ ਕੀਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 20 ਮਈ ਤੱਕ ਮੁਲਤਵੀ ਕਰ ਦਿੱਤੀ ਹੈ ਜਦੋਂ ਕਿ 20 ਦੀ ਰਾਤ ਤੋਂ ਹਰਿਆਣਾ ਨੂੰ ਮਿਲਣ ਲੱਗ ਜਾਵੇਗਾ। ਮਾਨ ਨੇ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਹੁਣ ਜਿੱਤ ਗਏ ਹਾਂ, ਅਸੀਂ ਕੋਰਟ ਵਿੱਚ ਲੜੇ ਹਾਂ ਤੇ ਤਰਕ ਨਾਲ ਲੜੇ ਹਾਂ ਤੇ ਪੰਜਾਬ ਦੇ ਹੱਕਾਂ ਵਿੱਚ ਖੜ੍ਹੇ ਹਾਂ।

## ਪਾਕਿਸਤਾਨ ਦੇ ਮੰਤਰੀ ਨੇ ਕੀਤਾ ਵੱਡਾ ਦਾਅਵਾ

# ਨਵਾਜ਼ ਸ਼ਰੀਫ ਨੇ ਬਣਾਇਆ ਸੀ ਭਾਰਤ 'ਤੇ ਹਮਲੇ ਦਾ ਪਲਾਨ

**ਇਸਲਾਮਾਬਾਦ/ਨਵੀਂ ਦਿੱਲੀ, 14 ਮਈ (ਆਵਾਜ਼ਿ ਕੌਮ ਬਿਊਰੋ)**-ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਦੇ ਕਈ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਅਤੇ ਮੂੰਹਤੋੜ ਜਵਾਬ ਦਿੱਤਾ। ਇਸ ਦੌਰਾਨ ਪਾਕਿਸਤਾਨ ਦੀ ਇੱਕ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਭਾਰਤ ਦੇ ਵਿਰੁੱਧ ਹਮਲੇ ਦੀ ਪਲਾਨਿੰਗ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਬਣਾਈ ਸੀ। ਦੱਸ ਦਈਏ ਕਿ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਦੇ ਸੀਨੀਅਰ ਨੇਤਾ ਅਤੇ ਪੰਜਾਬ ਸੂਬੇ ਦੇ ਸੂਚਨਾ ਮੰਤਰੀ ਅਜਮੀ ਬੁਖਾਰੀ ਨੇ ਬੁੱਧਵਾਰ (14 ਮਈ, 2025) ਨੂੰ ਕਿਹਾ ਕਿ ਭਾਰਤ ਵਿਰੁੱਧ ਪੂਰੀ ਮੁਹਿੰਮ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ ਸੀ। ਉਨ੍ਹਾਂ ਨੇ



ਨਵਾਜ਼ ਸ਼ਰੀ.ਫ਼ ਨੂੰ ਲੈਕੇ ਕਿਹਾ ਕਿ ਉਹ ਏਬੀਸੀਡੀ ਟਾਈਪ ਦੇ ਨਹੀਂ ਹਨ, ਉਨ੍ਹਾਂ ਦਾ ਕੰਮ ਦੂਰ-ਦੂਰ ਤੱਕ ਬੋਲਦਾ ਹੈ। ਜ਼ਿਕਰ ਕਰ ਦਈਏ ਕਿ 22 ਅਪਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ 7 ਮਈ ਨੂੰ ਜਵਾਬੀ ਕਾਰਵਾਈ ਕਰਦਿਆਂ ਹੋਇਆਂ ਆਪਰੇਸ਼ਨ ਸਿੰਦੂਰ ਚਲਾਇਆ। ਇਸ ਤਹਿਤ ਭਾਰਤੀ ਫੌਜ ਨੇ ਪੀਓਕੇ ਅਤੇ ਪਾਕਿਸਤਾਨ ਦੇ ਕਈ ਇਲਾਕਿਆਂ ਵਿੱਚ ਸਥਿਤੀ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ, ਜਿਸ ਵਿੱਚ 100 ਅੱਤਵਾਦੀ ਮਾਰੇ ਗਏ। ਇਸ ਤੋਂ ਬਾਅਦ ਦੋਹਾਂ ਮੁਲਕਾਂ ਵਿਚਕਾਰ ਸਥਿਤੀ ਹੋਰ ਤਣਾਅਪੂਰਨ ਹੁੰਦੀ ਗਈ ਅਤੇ ਪਾਕਿਸਤਾਨ ਨੇ ਵੀ ਕਾਰਵਾਈ ਕਰਦਿਆਂ ਹੋਇਆਂ ਭਾਰਤ ਦੇ ਸਰਹੱਦੀ ਇਲਾਕਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਰਾਤ ਨੂੰ ਡਰੋਨ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਭਾਰਤ ਅੱਗੇ ਪਾਕਿਸਤਾਨ ਦੀ ਇਹ ਹਰਕਤ ਵੀ ਨਾਕਾਮ ਰਹੀ। ਇਸ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਜੰਗਬੰਦੀ ਦਾ ਐਲਾਨ ਹੋਇਆ ਪਰ ਫਿਰ ਵੀ ਪਾਕਿਸਤਾਨ ਬੜ੍ਹਕਾਂ ਮਾਰਨ ਤੋਂ ਨਹੀਂ ਹਟਿਆ।

## ਪਾਕਿਸਤਾਨ 'ਚ ਰੇਡੀਏਸ਼ਨ ? ਅਮਰੀਕਾ ਨੇ ਵੀ ਟਾਲ ਦਿੱਤਾ ਸਵਾਲ, ਵਿਗੜ ਰਹੇ ਨੇ ਹਲਾਤ ?

**ਵਾਸ਼ਿੰਗਟਨ, 14 ਮਈ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇ ਆਪ੍ਰੇਸ਼ਨ ਸਿੰਦੂਰ ਨੇ ਪਾਕਿਸਤਾਨ ਤੇ POK ਵਿੱਚ ਅੱਤਵਾਦ ਦੀ ਕਮਰ ਤੋੜ ਦਿੱਤੀ। ਅਜਿਹੇ ਵਿੱਚ ਸੋਸ਼ਲ ਮੀਡੀਆ 'ਤੇ ਲਗਾਤਾਰ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ, ਜਿਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਦੇ ਸਰਗੋਧਾ ਨੇੜੇ ਪ੍ਰਮਾਣੂ ਰੇਡੀਏਸ਼ਨ ਲੀਕ ਹੋ ਰਿਹਾ ਹੈ। ਹੁਣ ਅਮਰੀਕੀ ਸਰਕਾਰ ਨੇ ਇਸ 'ਤੇ ਪ੍ਰਤੀਕਿਰਿਆ ਦਿੱਤੀ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਗੋਧਾ ਏਅਰਬੇਸ ਦੇ ਨੇੜੇ ਕਿਰਾਨਾ ਪਹਾੜੀਆਂ 'ਤੇ ਪਾਕਿਸਤਾਨ ਕੋਲ ਪ੍ਰਮਾਣੂ ਹਥਿਆਰ ਹਨ। ਆਪ੍ਰੇਸ਼ਨ ਸਿੰਦੂਰ ਦੌਰਾਨ ਸਰਗੋਧਾ 'ਤੇ ਹਮਲੇ ਤੋਂ ਬਾਅਦ ਨਿਊਕਲੀਅਰ ਰੇਡੀਏਸ਼ਨ ਲੀਕ ਹੋ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਅਮਰੀਕਾ ਨੇ ਰੇਡੀਏਸ਼ਨ ਦੀ ਜਾਂਚ ਲਈ ਆਪਣੀ ਟੀਮ ਪਾਕਿਸਤਾਨ ਭੇਜੀ ਹੈ। ਇਸ ਸਬੰਧ ਵਿੱਚ ਜਦੋਂ ਅਮਰੀਕੀ ਵਿਦੇਸ਼ ਵਿਭਾਗ ਦੇ ਪ੍ਰਮੁੱਖ ਉਪ ਬੁਲਾਰੇ ਟੌਮੀ ਪਿਗੌਟ ਤੋਂ ਪੁੱਛਿਆ ਗਿਆ ਕਿ, ਕੀ ਅਮਰੀਕੀ ਟੀਮ ਪ੍ਰਮਾਣੂ ਰੇਡੀਏਸ਼ਨ ਲੀਕ ਦੀ ਜਾਂਚ ਲਈ ਪਾਕਿਸਤਾਨ ਗਈ ਹੈ ? ਤਾਂ ਇਸ 'ਤੇ ਉਨ੍ਹਾਂ ਕਿਹਾ ਕਿ ਮੇਰੇ ਕੋਲ ਇਸ ਸਮੇਂ ਗੱਲ ਕਰਨ ਜਾਂ ਅੰਦਾਜ਼ਾ ਲਗਾਉਣ ਲਈ ਕੁਝ ਨਹੀਂ ਹੈ। ਤੁਹਾਨੂੰ ਦੱਸ ਦੇਈਏ ਕਿ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਭਾਰਤ ਨੇ ਪਾਕਿਸਤਾਨ ਤੇ ਪੀਓਕੇ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ ਸੀ। ਪਾਕਿਸਤਾਨ ਵਿੱਚ ਸਰਗੋਧਾ ਅਤੇ ਨੂਰ ਖ਼ਾਨ ਹਵਾਈ ਅੱਡਿਆਂ 'ਤੇ ਵੀ ਹਮਲੇ ਕੀਤੇ ਗਏ। ਕਿਹਾ ਜਾ ਰਿਹਾ ਹੈ ਕਿ ਪਾਕਿਸਤਾਨੀ ਫੌਜ ਨੇ ਇਨ੍ਹਾਂ ਦੋਵਾਂ ਥਾਵਾਂ ਦੇ ਆਲੇ-ਦੁਆਲੇ ਪ੍ਰਮਾਣੂ ਹਥਿਆਰ ਰੱਖੇ ਹੋਏ ਹਨ। ਭਾਰਤ ਦੇ ਹਮਲਿਆਂ ਕਾਰਨ ਇੱਥੇ ਰੇਡੀਏਸ਼ਨ ਲੀਕ ਹੋ ਰਹੀ ਹੈ। ਹਾਲਾਂਕਿ, ਭਾਰਤ ਸਰਕਾਰ ਨੇ ਅਜਿਹੀਆਂ ਸਾਰੀਆਂ ਰਿਪੋਰਟਾਂ ਦਾ ਖੰਡਨ ਕੀਤਾ ਹੈ। ਜ਼ਿਕਰ ਕਰ ਦਈਏ ਕਿ ਭਾਰਤੀ ਹਵਾਈ ਸੈਨਾ ਨੇ 10 ਮਈ ਨੂੰ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਘੱਟੋ-ਘੱਟ ਅੱਠ ਪਾਕਿਸਤਾਨੀ ਫੌਜੀ ਟਿਕਾਣਿਆਂ 'ਤੇ ਸਟੀਕ ਸਟ੍ਰਾਈਕ ਕੀਤੇ, ਜਿਸ ਤੋਂ ਬਾਅਦ ਸੈਟੇਲਾਈਟ ਤਸਵੀਰਾਂ ਨੇ ਬੁਨਿਆਦੀ ਢਾਂਚੇ ਅਤੇ ਜ਼ਮੀਨ ਨੂੰ ਭਾਰੀ ਨੁਕਸਾਨ ਦੀ ਪੁਸ਼ਟੀ ਕੀਤੀ। ਇਨ੍ਹਾਂ ਵਿੱਚ ਰਫੀਕੀ, ਮੁਰੀਦਕੇ, ਚਕਲਾਲਾ, ਰਹੀਮ ਯਾਰ ਖ਼ਾਨ, ਸਾਕਰ, ਚੁਨੀਆਂ, ਪਸਰੂਰ ਤੇ ਸਿਆਲਕੋਟ ਵਿਖੇ ਰਾਡਾਰ ਸੈਂਟਰ, ਕਮਾਂਡ ਅਤੇ ਕੰਟਰੋਲ ਸੈਂਟਰ ਅਤੇ ਗੋਲਾ ਬਾਰੂਦ ਡਿਪੂ ਸ਼ਾਮਲ ਸਨ।

## ਸਿੰਧੂ ਜਲ ਸਮਝੌਤੇ ਨੂੰ ਟਾਲਣ ਤੋਂ ਪਾਕਿਸਤਾਨ ਪਰੇਸ਼ਾਨ, ਭਾਰਤ ਨੂੰ ਕੀਤੀ ਅਪੀਲ



**ਇਸਲਾਮਾਬਾਦ/ਨਵੀਂ ਦਿੱਲੀ, 14 ਮਈ (ਆਵਾਜ਼ਿ ਕੌਮ ਬਿਊਰੋ)**-ਭਾਰਤ ਸਰਕਾਰ ਵੱਲੋਂ ਸਿੰਧੂ ਜਲ ਸਮਝੌਤੇ ਨੂੰ ਰੋਕਣ ਦੇ ਫੈਸਲੇ ਤੋਂ ਬਾਅਦ ਪਾਕਿਸਤਾਨ ਬੌਖਲਾ ਗਿਆ ਹੈ। ਪਾਕਿਸਤਾਨ ਦੀ ਸ਼ਾਹਬਾਜ਼ ਸਰਕਾਰ ਨੇ ਭਾਰਤ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਭਵਿੱਖ ਦੇ ਸੰਕਟ ਦੇ ਮੱਦੇਨਜ਼ਰ ਭਾਰਤ ਨੂੰ ਇੱਕ ਅਪੀਲ ਕੀਤੀ ਗਈ ਹੈ। ਸ਼ਾਹਬਾਜ਼ ਸਰਕਾਰ ਨੇ ਕਿਹਾ ਕਿ ਇਸ ਫੈਸਲੇ ਨਾਲ ਪਾਕਿਸਤਾਨ ਵਿੱਚ ਸੰਕਟ ਪੈਦਾ ਹੋਵੇਗਾ। ਪਾਕਿਸਤਾਨ ਦੇ ਜਲ ਸਰੋਤ ਮੰਤਰਾਲੇ ਦੇ ਸਕੱਤਰ ਸਈਦ ਅਲੀ ਮੁਰਤਜ਼ਾ ਨੇ ਜਲ ਸ਼ਕਤੀ ਮੰਤਰਾਲੇ ਦੇ ਸਕੱਤਰ ਦੇਵਸ਼੍ਰੀ ਮੁਖਰਜੀ ਨੂੰ ਇੱਕ ਪੱਤਰ ਲਿਖਿਆ ਹੈ। ਇਸ ਵਿੱਚ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਇਸ ਮੁੱਦੇ 'ਤੇ ਗੱਲਬਾਤ ਕਰਨ ਲਈ ਤਿਆਰ ਹੈ। ਸੂਤਰਾਂ ਅਨੁਸਾਰ ਨਿਯਮਾਂ ਅਨੁਸਾਰ ਇਹ ਪੱਤਰ ਵਿਦੇਸ਼ ਮੰਤਰਾਲੇ ਨੂੰ ਭੇਜਿਆ ਗਿਆ ਹੈ।

ਦੂਜੇ ਪਾਸੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਕਿਹਾ ਹੈ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਣੀ ਵਿਵਾਦ ਹੱਲ ਨਹੀਂ ਹੁੰਦਾ ਤਾਂ ਇਹ ਜੰਗਬੰਦੀ ਜ਼ਿਆਦਾ ਦੇਰ ਨਹੀਂ ਚੱਲੇਗੀ। ਪਾਕਿਸਤਾਨੀ ਮੀਡੀਆ ਅਨੁਸਾਰ ਇਸਹਾਕ ਡਾਰ ਨੇ ਕਿਹਾ ਕਿ "ਜੇਕਰ ਪਾਣੀ ਦੀ ਵੰਡ 'ਤੇ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਇਸਨੂੰ 'ਜੰਗ ਦੀ ਕਾਰਵਾਈ' ਮੰਨਿਆ ਜਾਵੇਗਾ।" ਉਨ੍ਹਾਂ ਨੇ ਕਸ਼ਮੀਰ ਮੁੱਦੇ ਨੂੰ ਇਸ ਪੂਰੀ ਲੜਾਈ ਦੀ ਜੜ੍ਹ ਦੱਸਿਆ।

ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ ਪੀ.ਐਮ ਮੋਦੀ ਨੇ ਕਿਹਾ ਸੀ ਕਿ ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ। ਭਾਰਤ ਹੁਣ ਤਿੰਨਾਂ ਦਰਿਆਵਾਂ ਦੇ ਪਾਣੀ ਨੂੰ ਆਪਣੇ ਲਈ ਵਰਤਣ ਦੀ ਯੋਜਨਾ ਬਣਾ ਰਿਹਾ ਹੈ। ਇਸ 'ਤੇ ਕੰਮ ਤੁਰੰਤ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਦਰਮਿਆਨੀ ਮਿਆਦ ਅਤੇ ਲੰਬੀ ਮਿਆਦ ਦੀਆਂ ਯੋਜਨਾਵਾਂ ਨੂੰ ਵੀ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। 1960 ਦੀ ਸਿੰਧੂ ਜਲ ਸੰਧੀ ਨੂੰ ਪਾਕਿਸਤਾਨ ਦੀ ਜੀਵਨ ਰੇਖਾ ਮੰਨਿਆ ਜਾਂਦਾ ਹੈ। ਪਾਕਿਸਤਾਨ ਦੀ 21 ਕਰੋੜ ਤੋਂ ਵੱਧ ਆਬਾਦੀ ਪਾਣੀ ਲਈ ਸਿੰਧ ਅਤੇ ਇਸ ਦੀਆਂ ਚਾਰ ਸਹਾਇਕ ਨਦੀਆਂ 'ਤੇ ਨਿਰਭਰ ਹੈ। ਇਸ ਤੋਂ ਇਲਾਵਾ 90% ਜ਼ਮੀਨ ਲਈ ਸਿੰਚਾਈ ਦਾ ਪਾਣੀ ਸਿੰਧ ਨਦੀ ਤੋਂ ਆਉਂਦਾ ਹੈ।

## ਬਰਡ ਫਲੂ ਨੂੰ ਲੈ ਕੇ ਜਾਰੀ ਹੋਇਆ ਅਲਰਟ ਜਾਰੀ ! ਸਾਰੇ ਚਿੜੀਆਘਰ ਪਾਰਕਾਂ ਨੂੰ ਹ.ਫਤੇ ਲਈ ਕੀਤਾ ਬੰਦ

**ਲਖਨਊ, 14 ਮਈ (ਆਵਾਜ਼ਿ ਕੌਮ ਬਿਊਰੋ)**-ਬਰਡ ਫਲੂ ਨੇ ਦਸਤਕ ਦੇ ਦਿੱਤੀ ਹੈ, ਜਿਸ ਕਾਰਨ ਸਰਕਾਰ ਚੌਕਸ ਹੋ ਗਈ ਹੈ। ਲਖਨਊ ਵਿੱਚ ਬਰਡ ਫਲੂ ਦੇ ਮਾਮਲਿਆਂ ਵਿੱਚ ਵਾਧੇ ਨੇ ਯੂਪੀ ਦੇ ਲੋਕਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਹ ਬਿਮਾਰੀ ਆਮ ਤੌਰ 'ਤੇ ਪੰਛੀਆਂ ਵਿੱਚ ਪਾਈ ਜਾਂਦੀ ਹੈ, ਪਰ ਕੁਝ ਮਾਮਲਿਆਂ ਵਿੱਚ ਇਹ ਮਨੁੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਸ ਕਾਰਨ ਲੋਕਾਂ ਨੂੰ ਬੁਖਾਰ, ਖੰਘ, ਸਾਹ ਲੈਣ ਵਿੱਚ ਮੁਸ਼ਕਲ ਵਰਗੀਆਂ ਹਲਕੀਆਂ ਜਾਂ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ। ਇਸ ਦੌਰਾਨ ਬਰਡ ਫਲੂ (ਏਵੀਅਨ ਇਨਫਲੂਐਂਜ਼ਾ) ਦੇ ਵਧਦੇ ਖ਼ਤਰੇ




ਦੇ ਮੱਦੇਨਜ਼ਰ ਉੱਤਰ ਪ੍ਰਦੇਸ਼ ਦੇ ਸਾਰੇ ਚਿੜੀਆਘਰ ਪਾਰਕਾਂ ਤੇ ਸਫਾਰੀ ਪਾਰਕਾਂ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਜੰਗਲੀ ਜੀਵ ਵਿਭਾਗ ਨੇ ਸਿਹਤ ਸੁਰੱਖਿਆ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹੋਏ ਸੂਬੇ ਦੇ ਸਾਰੇ ਚਿੜੀਆਘਰ ਪਾਰਕਾਂ ਨੂੰ ਇੱਕ ਹਫ਼ਤੇ ਲਈ ਬੰਦ ਕਰ ਦਿੱਤਾ ਹੈ। ਇਸ ਸਬੰਧ ਵਿੱਚ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਚਿੜੀਆਘਰਾਂ ਅਤੇ ਸਫਾਰੀ ਪਾਰਕਾਂ ਵਿੱਚ ਸੁਰੱਖਿਅਤ ਸਾਰੇ ਜਾਨਵਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਕੇਂਦਰੀ ਚਿੜੀਆਘਰ ਅਥਾਰਟੀ ਵੱਲੋਂ, ਦੇਸ਼ ਦੇ ਪ੍ਰਮੁੱਖ ਜੰਗਲੀ ਜੀਵ ਸੰਸਥਾਵਾਂ ਦੇ ਵੈਟਰਨਰੀ ਡਾਕਟਰਾਂ ਅਤੇ ਪੈਥੋਲੋਜਿਸਟਾਂ ਦੀ ਇੱਕ 5 ਮੈਂਬਰੀ ਟੀਮ ਜਲਦੀ ਹੀ ਗੋਰਖਪੁਰ ਦੇ ਸ਼ਹੀਦ ਅਸ਼ਫਾਕ ਉੱਲ੍ਹਾ ਖਾਨ ਜ਼ੂਓਲੋਜੀਕਲ ਪਾਰਕ ਭੇਜੀ ਜਾ ਰਹੀ ਹੈ। ਜੋ ਕਿ ਚਿੜੀਆਘਰ ਦੇ ਜਾਨਵਰਾਂ ਵਿੱਚ ਮਹਾਂਮਾਰੀ ਬਰਡ ਫਲੂ ਦੀ ਡਾਕਟਰੀ ਜਾਂਚ ਕਰੇਗੀ ਅਤੇ 15 ਦਿਨਾਂ ਦੇ ਅੰਦਰ ਰਿਪੋਰਟ ਪੇਸ਼ ਕਰੇਗੀ। ਇਸਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਚਿੜੀਆਘਰਾਂ ਵਿੱਚ ਜਾਨਵਰਾਂ ਦੀ ਦੇਖਭਾਲ ਦਾ ਫੈਸਲਾ ਕੀਤਾ ਜਾਵੇਗਾ। ਇਸ ਸਬੰਧੀ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਾਰੇ ਜਾਨਵਰਾਂ ਦੀ ਸਿਹਤ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਦੀ ਤੁਰੰਤ ਰਿਪੋਰਟ ਕੀਤੀ ਜਾਵੇ। ਜੰਗਲੀ ਜਾਨਵਰਾਂ ਨੂੰ ਕੋਈ ਵੀ ਭੋਜਨ ਨਿਯਮਤ ਜਾਂਚ ਤੋਂ ਬਾਅਦ ਹੀ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਚਿੜੀਆਘਰਾਂ ਵਿੱਚ ਕੰਮ ਕਰਨ ਵਾਲੇ ਸਟਾਫ ਨੂੰ ਪੀਪੀਈ ਕਿੱਟਾਂ ਪਹਿਨਣ ਅਤੇ ਨਿੱਜੀ ਸਫਾਈ ਦੇ ਸਖ਼ਤ ਨਿਯਮਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ, ਸਾਰੇ ਚਿੜੀਆਘਰਾਂ ਵਿੱਚ ਨਿਯਮਤ ਤੌਰ 'ਤੇ ਸੈਨੀਟਾਈਜ਼ੇਸ਼ਨ ਦਾ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਵਾਇਰਸ ਦੇ ਫੈਲਣ ਨੂੰ ਰੋਕਿਆ ਜਾ ਸਕੇ। ਜੇਕਰ ਲੋਕਾਂ ਕੋਲ ਸਹੀ ਜਾਣਕਾਰੀ ਹੋਵੇ ਅਤੇ ਉਹ ਸਾਵਧਾਨੀ ਵਰਤਣ, ਤਾਂ ਬਰਡ ਫਲੂ ਦੇ ਖ਼ਤਰੇ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ। ਇਸ ਮੌਕੇ ਹੁਣ ਅਸੀਂ ਤੁਹਾਨੂੰ ਸਰਲ ਭਾਸ਼ਾ ਵਿੱਚ ਦੱਸਾਂਗੇ ਕਿ ਬਰਡ ਫਲੂ ਦੌਰਾਨ ਕੀ ਖਾਣਾ ਹੈ, ਕਿਹੜੀਆਂ ਚੀਜ਼ਾਂ ਤੋਂ ਬਚਣਾ ਹੈ ਅਤੇ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ, ਤਾਂ ਜੋ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਸੁਰੱਖਿਅਤ ਰਹੇ।

## ਜੰਗਬੰਦੀ ਤੋਂ ਬਾਅਦ ਪਾਕਿਸਤਾਨ ਨੇ ਵਾਪਸ ਕੀਤਾ ਬੀਐਸਐਫ ਦਾ ਜਵਾਨ, ਵਾਹਗਾ-ਅਟਾਰੀ ਸਰਹੱਦ ਰਾਹੀਂ ਮੁੜਿਆ ਆਪਣੇ ਵਤਨ



**ਅਟਾਰੀ (ਅੰਮ੍ਰਿਤਸਰ), 14 ਮਈ (ਆਵਾਜ਼ਿ ਕੌਮ ਬਿਊਰੋ)**-ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਵਿਚਕਾਰ, ਬੀਐਸਐਫ ਜਵਾਨ ਪੀਕੇ ਸਾਹੂ ਆਪਣੇ ਵਤਨ ਵਾਪਸ ਆ ਗਿਆ ਹੈ। ਪਾਕਿਸਤਾਨ ਨੇ ਉਨ੍ਹਾਂ ਨੂੰ ਭਾਰਤ ਵਾਪਸ ਕਰ ਦਿੱਤਾ ਹੈ। ਪੀਕੇ ਸਾਹੂ 23 ਅਪ੍ਰੈਲ ਨੂੰ ਗ.ਲਤੀ ਨਾਲ ਪਾਕਿਸਤਾਨ ਦੀ ਸਰਹੱਦ ਵਿੱਚ ਦਾਖਲ ਹੋ ਗਿਆ ਸੀ। ਇਸ ਤੋਂ ਬਾਅਦ ਉਸਨੂੰ ਪਾਕਿਸਤਾਨੀ ਫੌਜ ਨੇ ਗ੍ਰਿਫਤਾਰ ਕਰ ਲਿਆ। ਪੀਕੇ ਸਾਹੂ ਨੂੰ 21 ਦਿਨਾਂ ਬਾਅਦ ਰਿਹਾਅ ਕਰ ਦਿੱਤਾ ਗਿਆ ਹੈ। ਪੀਕੇ ਸਾਹੂ ਦੀ ਵਾਪਸੀ ਸੰਬੰਧੀ ਸੀਮਾ ਸੁਰੱਖਿਆ ਬਲ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕੀਤੀ ਹੈ। ਬੀਐਸਐਫ ਨੇ ਕਿਹਾ, "ਅੱਜ ਬੀਐਸਐਫ ਜਵਾਨ ਕਾਂਸਟੇਬਲ ਪੂਰਨਮ ਕੁਮਾਰ ਸਾਹੂ ਅਟਾਰੀ-ਵਾਹਗਾ ਸਰਹੱਦ ਤੋਂ ਭਾਰਤ ਵਾਪਸ ਆ ਗਿਆ ਹੈ। ਪੂਰਨਮ 23 ਅਪ੍ਰੈਲ 2025 ਨੂੰ ਡਿਊਟੀ ਦੌਰਾਨ ਗ.ਲਤੀ ਨਾਲ ਪਾਕਿਸਤਾਨ ਵਿੱਚ ਦਾਖਲ ਹੋ ਗਿਆ ਸੀ। ਪੀਕੇ ਸਾਹੂ ਉਦੋਂ ਪਾਕਿਸਤਾਨ ਵਿੱਚ ਦਾਖਲ ਹੋ ਗਿਆ ਜਦੋਂ ਦੋਵਾਂ ਦੇਸ਼ਾਂ ਵਿਚਕਾਰ ਸਥਿਤੀ ਵਿਗੜਨੀ ਸ਼ੁਰੂ ਹੋ ਗਈ। ਭਾਰਤ ਦੇ ਆਪ੍ਰੇਸ਼ਨ ਸਿੰਦੂਰ ਨੇ ਪਾਕਿਸਤਾਨ ਨੂੰ ਭਾਰੀ ਨੁਕਸਾਨ ਪਹੁੰਚਾਇਆ, ਹਾਲਾਂਕਿ ਇਸਦਾ ਪੀਕੇ ਸਾਹੂ ਦੀ ਰਿਹਾਈ 'ਤੇ ਕੋਈ ਅਸਰ ਨਹੀਂ ਪਿਆ।" ਬੀਐਸਐਫ ਜਵਾਨ ਪੀਕੇ ਸਾਹੂ ਪੰਜਾਬ ਦੇ ਫਿਰੋਜ਼ਪੁਰ ਸਰਹੱਦ ਤੋਂ ਪਾਕਿਸਤਾਨ ਸਰਹੱਦ ਗਿਆ ਸੀ। ਉਹ ਮੂਲ ਰੂਪ ਵਿੱਚ ਪੱਛਮੀ ਬੰਗਾਲ ਦਾ ਰਹਿਣ ਵਾਲਾ ਹੈ। ਪੀਕੇ ਸਾਹੂ ਦੀ ਪਤਨੀ ਰਜਨੀ ਸਾਹੂ ਇਸ ਮਾਮਲੇ ਤੋਂ ਬਹੁਤ ਪਰੇਸ਼ਾਨ ਸੀ। ਉਹ ਆਪਣੇ ਪਤੀ ਦੀ ਰਿਹਾਈ ਲਈ ਚੰਡੀਗੜ੍ਹ ਪਹੁੰਚੀ ਸੀ। ਉਹ ਇੱਥੇ ਬੀਐਸਐਫ ਅਧਿਕਾਰੀਆਂ ਨਾਲ ਮਿਲੀ ਸੀ। ਜ਼ਿਕਰ ਕਰ ਦਈਏ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 26 ਸੈਲਾਨੀਆਂ ਦੀ ਜਾਨ ਚਲੀ ਗਈ।

# Nankana Sahib Yatra Committe Uk



# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
6.6.1984
Shaheedi
Sri Darbar Sahib
Amritsar




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

## 1 ਨਵੰਬਰ 2025, ਦਿਨ ਸ਼ਨੀਵਾਰ ਨੂੰ
## ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

**Important Note:** The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

# ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
## ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ





# ਸ਼ਬਦ ਕੀਰਤਨ ਅਤੇ ਕਥਾ ਸਮਾਗਮ

**1 ਮਈ ਤੋਂ 31 ਮਈ 2025 ਤੱਕ** ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

| ਮਿਤੀ | ਦਿਨ | ਸਥਾਨ | ਸਮਾਂ |
|---|---|---|---|
| 1 ਮਈ | ਵੀਰਵਾਰ | ਜਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 2 ਮਈ | ਸ਼ੁੱਕਰਵਾਰ | ਜੱਫਰਵਾਲ | ਸ਼ਾਮ 6 ਤੋਂ 8 ਵਜੇ ਤੱਕ |
| 3 ਮਈ | ਸ਼ਨੀਵਾਰ | ਗੁ: ਭਗਤਾਂ ਦਾ ਡੇਰਾ ਤਰਸਿੱਕਾ | ਸ਼ਾਮ 6 ਤੋਂ 8 ਵਜੇ ਤੱਕ |
| 4 ਮਈ | ਐਤਵਾਰ | ਕੋਟਲਾ ਮੂਸਾ ਨੇੜੇ ਕਾਦੀਆਂ ਡੱਲਾ ਮੋੜ | ਸ਼ਾਮ 6 ਤੋਂ 8 ਵਜੇ ਤੱਕ |
| 5 ਮਈ | ਸੋਮਵਾਰ | ਸੱਦਾਰੰਗ | ਸ਼ਾਮ 6 ਤੋਂ 8 ਵਜੇ ਤੱਕ |
| 6 ਮਈ | ਮੰਗਲਵਾਰ | ਸਹਾਇਪੁਰ | ਸ਼ਾਮ 6 ਤੋਂ 8 ਵਜੇ ਤੱਕ |
| 7 ਮਈ | ਬੁੱਧਵਾਰ | ਧਰਦਿਓ | ਸ਼ਾਮ 6 ਤੋਂ 8 ਵਜੇ ਤੱਕ |
| 8 ਮਈ | ਵੀਰਵਾਰ | ਬਾਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 9 ਮਈ | ਸ਼ੁੱਕਰਵਾਰ | ਭਲਾਈਪੁਰ ਪੂਰਬਾ | ਸ਼ਾਮ 6 ਤੋਂ 8 ਵਜੇ ਤੱਕ |
| 10 ਮਈ | ਸ਼ਨੀਵਾਰ | ਗੁ: ਕੰਧ ਸਾਹਿਬ ਬਟਾਲਾ | ਸ਼ਾਮ 6 ਤੋਂ 8 ਵਜੇ ਤੱਕ |
| 11 ਮਈ | ਐਤਵਾਰ | ਗੁਰੂ ਕੀ ਬੇਰ ਸਾਹਿਬ ਮੱਤੇਵਾਲ | ਸ਼ਾਮ 6 ਤੋਂ 8 ਵਜੇ ਤੱਕ |
| 12 ਮਈ | ਸੋਮਵਾਰ | ਲੀਲ ਕਲਾਂ | ਸ਼ਾਮ 6 ਤੋਂ 8 ਵਜੇ ਤੱਕ |
| 13 ਮਈ | ਮੰਗਲਵਾਰ | ਸੂਸਾ | ਸ਼ਾਮ 6 ਤੋਂ 8 ਵਜੇ ਤੱਕ |
| 14 ਮਈ | ਬੁੱਧਵਾਰ | ਸਿਆਲਕਾ | ਸ਼ਾਮ 6 ਤੋਂ 8 ਵਜੇ ਤੱਕ |
| 15 ਮਈ | ਵੀਰਵਾਰ | ਚੌਣੇ | ਸ਼ਾਮ 6 ਤੋਂ 8 ਵਜੇ ਤੱਕ |
| 16 ਮਈ | ਸ਼ੁੱਕਰਵਾਰ | ਨਵਾਂ ਪਿੰਡ | ਸ਼ਾਮ 6 ਤੋਂ 8 ਵਜੇ ਤੱਕ |
| 17 ਮਈ | ਸ਼ਨੀਵਾਰ | ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ | ਸ਼ਾਮ 6 ਤੋਂ 8 ਵਜੇ ਤੱਕ |
| 18 ਮਈ | ਐਤਵਾਰ | ਧਰਮੂਚੱਕ | ਸ਼ਾਮ 6 ਤੋਂ 8 ਵਜੇ ਤੱਕ |
| 19 ਮਈ | ਸੋਮਵਾਰ | ਕਾਹਲਵਾਂ | ਸ਼ਾਮ 6 ਤੋਂ 8 ਵਜੇ ਤੱਕ |
| 20 ਮਈ | ਮੰਗਲਵਾਰ | ਉੱਦੋ ਨੰਗਲ ਖੁਰਦ | ਸ਼ਾਮ 6 ਤੋਂ 8 ਵਜੇ ਤੱਕ |
| 21 ਮਈ | ਬੁੱਧਵਾਰ | ਸਠਿਆਲਾ | ਸ਼ਾਮ 6 ਤੋਂ 8 ਵਜੇ ਤੱਕ |
| 22 ਮਈ | ਵੀਰਵਾਰ | ਢਪਈਆ | ਸ਼ਾਮ 6 ਤੋਂ 8 ਵਜੇ ਤੱਕ |
| 23 ਮਈ | ਸ਼ੁੱਕਰਵਾਰ | ਵੀਲਾ/ਮੀਕੇ | ਸ਼ਾਮ 6 ਤੋਂ 8 ਵਜੇ ਤੱਕ |
| 24 ਮਈ | ਸ਼ਨੀਵਾਰ | ਬੁਤਾਲਾ | ਸ਼ਾਮ 6 ਤੋਂ 8 ਵਜੇ ਤੱਕ |
| 25 ਮਈ | ਐਤਵਾਰ | ਖੱਬੇ ਰਾਜਪੂਤਾਂ (ਸਵੇਰੇ 10 ਤੋਂ 12 ਵਜੇ ਤੱਕ), ਚੌਧਰੀਵਾਲ | ਸ਼ਾਮ 7 ਤੋਂ 9 ਵਜੇ ਤੱਕ |
| 26 ਮਈ | ਸੋਮਵਾਰ | ਜਲਾਲ ਉਸਮਾਂ | ਸ਼ਾਮ 6 ਤੋਂ 8 ਵਜੇ ਤੱਕ |
| 27 ਮਈ | ਮੰਗਲਵਾਰ | ਜੇਠੂਵਾਲ | ਸ਼ਾਮ 6 ਤੋਂ 8 ਵਜੇ ਤੱਕ |
| 28 ਮਈ | ਬੁੱਧਵਾਰ | ਗੁ: ਰਾਮ ਥੰਮਣ ਸਾਹਿਬ ਮਨੇਸ਼ | ਸ਼ਾਮ 6 ਤੋਂ 8 ਵਜੇ ਤੱਕ |
| 29 ਮਈ | ਵੀਰਵਾਰ | ਮੈਹਣੀਆ ਕੁਹਾਰਾ | ਸ਼ਾਮ 6 ਤੋਂ 8 ਵਜੇ ਤੱਕ |
| 30 ਮਈ | ਸ਼ੁੱਕਰਵਾਰ | ਮਹਿਤਾ ਚੌਂਕ | ਸ਼ਾਮ 6 ਤੋਂ 8 ਵਜੇ ਤੱਕ |
| 31 ਮਈ | ਸ਼ਨੀਵਾਰ | ਚਾਟੀਵਿੰਡ | ਸ਼ਾਮ 6 ਤੋਂ 8 ਵਜੇ ਤੱਕ |

1-2-3-4-5 ਜੂਨ 2025 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2025, ਸ਼ੁੱਕਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 95171-76191, 84376-91626**



ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

**ਆਵਾਜ਼ਿ ਕੌਮ**

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋਡੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਮਹਾਨ ਸ਼ਹੀਦੀਆਂ ਸਿੰਘ ਸਿੰਘਣੀਆਂ ਭੁਝੰਗੀਆਂ

ਛੋਟਾ ਘੱਲੂਘਾਰਾ ਕਹਾਨੂੰਵਾਨ ਗੁਰਦਾਸਪੁਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ ।

17 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ ।

18 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ ।

ਕੀਰਤਨੀ ਜਥਾ ਰਾਗੀ ਭਾਈ ਅਮਰਜੀਤ ਸਿੰਘ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ☛ਸ਼ੇਅਰ ਜ਼ਰੂਰੀ ਕਰਨਾ ਜੀ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ੴ ਸਤਿਗੁਰੂ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

**ਸਰਦਾਰ ਮਨਜਿੰਦਰ ਸਿੰਘ ਅਰਸ਼ੀ**

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 27 ਅਪ੍ਰੈਲ 2025 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ**

**ਮਿਤੀ 24 ਮਈ, 2025 ਸ਼ਨੀਵਾਰ ਦਿਨ ਨੂੰ**

**ਘਰ ਨਜ਼ਦੀਕ ਗੁਰੂਦਵਾਰਾ ਭਾਈ ਸੁਲ੍ਹਾ ਸਾਹਿਬ ਜੀ (ਕਨਵਰ ਐਵੀਨਿਊ )**

ਸਮਾਂ 12 ਤੋਂ 2 ਵਜੇ ਤੱਕ ਪਵੇਗਾ।

ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਸਰਦਾਰ ਪੂਰਨ ਸਿੰਘ ਅਰਸ਼ੀ(ਪਿਤਾ)9876607150।
ਸਰਦਾਰ ਲਖਵਿੰਦਰ ਸਿੰਘ ਅਰਸ਼ੀ (ਭਰਾ) 9872733030।
ਸ: ਜਸਕੀਰਤ ਸਿੰਘ ਅਰਸ਼ੀ (ਪੁੱਤਰ)

ਆਵਾਜ਼ਿ ਕੌਮ AWAZE QAUM International Newspaper & WEB TV

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥



# ਸ. ਅਮਰਦੀਪ ਸਿੰਘ ਮਾਨ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰ ਯੋਗ ਸ. ਅਮਰਦੀਪ ਸਿੰਘ ਮਾਨ ਜੀ 09-05-2025 ਨੂੰ ਗੁਰੂ ਚਰਨਾ ਵਿਚ ਜਾ ਬਿਰਾਜੇ ਹਨ। ਉਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ

## ਕੀਰਤਨ ਅਤੇ ਅੰਤਿਮ ਅਰਦਾਸ

ਮਿਤੀ 18.05.2025 ਦਿਨ
ਐਤਵਾਰ ਸਮਾਂ 12.00 ਤੋਂ 1.00 ਗੁਰਦੁਵਾਰਾ ਬਾਬਾ ਸ਼੍ਰੀ ਚੰਦ,
ਪਿੰਡ ਜਲਾਲ ਅੰਮ੍ਰਿਤਸਰ ਵਿਖੇ ਪਵੇਗਾ।

----ਗੁਰੂ ਦੇ ਭਾਣੇ'ਚ----

ਇਕਬਾਲ ਸਿੰਘ (ਭਰਾ) 98159-61271
ਕੰਵਰਦੀਪ ਸਿੰਘ (ਭਰਾ) 98153-60270
ਇੰਸਪੈਕਟਰ ਸਰਵਣ ਪਾਲ ਸਿੰਘ (ਭਰਾ) 97639-00003

(ਸਮੂਹ ਮਾਨ ਪਰਿਵਾਰ)

ਆਵਾਜ਼ਿ ਕੌਮ AWAZE QAUM
International Newspaper & WEB TV


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਬਾਬਾ ਸਰਬਜੋਤ ਸਿੰਘ ਜੀ ਬੇਦੀ ਅੰਸ਼-ਵੰਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਭਾਈ ਈਸ਼ਰ ਸਿੰਘ ਜੀ ਸਪੁੱਤਰ ਸੰਤ ਭਿੰਡਰਾਂਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ 96 ਕਰੋੜੀ
ਜਥੇਦਾਰ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ
ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ
ਸੰਤ ਬਾਬਾ ਗੁਰਦੇਵ ਸਿੰਘ ਜੀ ਗੁ. ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ
ਜਥੇਦਾਰ ਬਾਬਾ ਨਾਗਰ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ
ਜਥੇਦਾਰ ਬਾਬਾ ਜਗਜੀਤ ਸਿੰਘ ਜੀ ਗੁਰੂ ਨਾਨਕ ਦਲ ਮੜੀਆਂ ਵਾਲੇ
ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੋਆਬਾ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਕਥਾ ਵਿਚਾਰ
ਗੁਰਦੁਆਰਾ ਸ੍ਰੀ
ਬੰਗਲਾ ਸਾਹਿਬ ਵਿਖੇ
ਮਿਤੀ 15-16 ਮਈ
ਦਿਨ ਵੀਰਵਾਰ ਤੇ ਸ਼ੁੱਕਰਵਾਰ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸੰਪਰਕ : 98140-13915
ਸਿੱਧਾ ਪ੍ਰਸਾਰਨ : CHARDIKLA TIME TV
ਸਮਾਂ : ਸਵੇਰੇ 7.30 ਤੋਂ 8.30 ਤੱਕ

# ਭਾਰਤ-ਪਾਕ ਜੰਗ ਤੇ ਦਲਾਲ

ਬੀਤੇ ਹਫਤੇ ਭਾਰਤ-ਪਾਕਿਸਤਾਨ ਜੰਗ ਬਹੁਤ ਗੰਭੀਰ ਰੂਪ ਤੋ ਟਲ ਗਈ । ਪੰਜਾਬ ਤੇ ਸਿੱਖਾਂ ਦੀ ਜੋ ਇਹ ਬਹਾਦਰੀ ਦੀ ਵੀ ਹਮੇਸ਼ਾਂ ਦੀ ਤਰਾਂ ਪਹਿਚਾਣ ਫਿਰ ਦੇਖੀ ਗਈ। ਇਹ ਜੰਗੀ ਹਾਲਾਤ ਉਸ ਸਮੇਂ ਬਣੇ , ਜਦ ਕਸ਼ਮੀਰ ਵਿੱਚ ਭਾਰਤੀ ਸੈਲਾਨੀਆਂ ਨੂੰ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਸੀ । ਇਸ ਦਹਿਸ਼ਤਗਰਦੀ ਸਮੇਂ 26 ਸੈਲਾਨੀਆਂ ਨੂੰ ਉਹਨਾਂ ਦੇ ਬੱਚਿਆਂ ਤੇ ਔਰਤਾਂ ਸਾਹਮਣੇ ਮੌਤ ਦੇ ਘਾਟ ਉਤਾਰਿਆ ਗਿਆ ।ਭਾਰਤ ਦੀ ਸਰਕਾਰ ਹਰਕਤ ਵਿੱਚ ਆਈ । ਭਾਰਤੀ ਏਅਰਫੋਰਸ ਨੇ ਪਾਕਿਸਤਾਨ ਵਿੱਚ ਉਹਨਾਂ ਜਾਲਮਾਂ ਦੇ ਨੌਂ ਟਿਕਾਣਿਆਂ ਤੇ ਮਿਜ਼ਾਈਲਾਂ ਰਾਹੀਂ ਤਬਾਹੀ ਕੀਤੀ ।ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਠੀਕ ਸਮੇਂ ਤੇ ਐਕਸ਼ਨ ਲੈ ਕੇ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਸਹੀ ਕਦਮ ਤੇ ਫੈਸਲਾ ਨਿਭਾਇਆ ।ਸਾਨੂੰ ਇਸ ਗੱਲ ਤੇ ਹਮੇਸ਼ਾ ਮਾਣ ਰਿਹਾ ਹੈ , ਕਿ ਸਿੱਖ , ਪੰਜਾਬੀ ਜੋ ਭਾਰਤੀ ਆਰਮਡ ਫੋਰਸ ਦਾ ਖਾਸ ਅੰਗ ਹਨ , ਹਮੇਸ਼ਾ ਆਪਣੀਆਂ ਸੇਵਾਵਾਂ ਨੂੰ ਖਿੜੇ ਮੱਥੇ ਨਿਭਾਉਂਦੇ ਹਨ ।ਕੁਰਬਾਨੀਆਂ ਕਰਦੇ ਹਨ ।ਪਾਕਿਸਤਾਨ ਨੂੰ ਆਪਣੀਆਂ ਗੈਰ ਮਨੁੱਖੀ ਕਰਤੂਤਾਂ ਦਾ ਮੂੰਹ ਤੋੜਵਾਂ ਉੱਤਰ ਦਿੱਤਾ ਗਿਆ। ਗੱਲ ਜਵਾਬੀ ਕਾਰਵਾਈ ਤੱਕ ਹੀ ਸੀਮਤ ਨਹੀਂ ਹੈ । ਇਹ ਕਾਰਵਾਈ ਭਾਰਤੀ ਸਰਕਾਰ ਦਾ ਦੇਸ਼ ਦੇ ਨਾਗਰਿਕਾਂ ਪ੍ਰਤੀ ਸਨੇਹ ਤੇ ਉਹਨਾਂ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਹੈ ।ਅੱਜ ਦੇ ਸੰਸਾਰ ਵਿਚ ਮੀਡੀਆ , ਕੁਮੀਨੀਕੇਸ਼ਨ ਬਹੁਤ ਤੇਜ਼ੀ ਨਾਲ ਬਦਲ ਚੁੱਕਾ ਹੈ । ਹਰ ਖੇਤਰ ਦੀ ਖ਼ਬਰ ਬੜੇ ਸੌਖੇ ਢੰਗ ਨਾਲ ਪੜੀ ਲਿਖੀ ਜਾਂਦੀ ਹੈ ।ਕਾਂਗਰਸ ਸਮੇਂ ਦੀਆਂ ਸਰਕਾਰਾਂ ਆਧਾਰ ਸਿੱਖਾਂ ਦੇ ਬਦਲਦੇ ਹਾਲਾਤਾਂ ਵਿਚ , ਪਾਕਿਸਤਾਨ ਨੇ ਕਈ ਪੱਖਾਂ ਤੋਂ ਘੁਸਪੈਠ ਕੀਤੀ ਤੇ ਨਕਲੀ/ਅਸਲੀ ਟਾਊਟ ਪੈਦਾ ਕੀਤੇ ਹਨ । ਇਹ ਅਜਿਹੇ ਅਕਿਰਤਘਣ ਲੋਕ, ਸਿਰਫ ਚੰਦ ਟੁਕੜਿਆਂ ਦੇ ਬਦਲੇ ਅੱਜ ਤੱਕ ਵਿਕੇ ਚਲੇ ਆ ਰਹੇ ਹਨ । ਬਦੇਸ਼ ਵਿੱਚ ਬੈਠੇ ਇਹਨਾਂ ਦੇ ਚੁਲੇ ਦਾ ਬਾਲਣ,ਤਵਾ, ਪਰਾਤ ਤੇ ਤਵੇ ਤੇ ਪੱਕਦਾ ਫੁਲਕਾ ,ਦੁਸ਼ਮਣ ਦੇ ਆਸਰੇ ਚੱਲਦਾ ਹੈ ।ਪੰਜਾਬ ਤੇ ਦੇਸ਼ ਤੇ ਬਣੇ ਹਰ ਸੰਕਟ ਸਮੇਂ ਇਹ ਪਾਕਿਸਤਾਨ ਦੀ ਝੋਲੀ ਦਾ ਨਿੱਘ , ਕਿਸੇ ਈਨਾਮ ਵਜੋ ਮਾਨਣ ਲੱਗ ਪੈਂਦੇ ਹਨ । ਇਹ ਚੰਦ ਲੋਕ ਹਨ, ਗਦਾਰ ਅਰੂੜ ਸਿੰਘ ਦਾ ਦੋਹਤਾ ਮਾਨ, ਗੁਰਪਤ ਪੰਨੂੰ ਤੇ ਅਮਰੀਕਾ ਵਿੱਚੋਂ ਹੀ ਇੱਕ ਸੁਰਿੰਦਰ/ਸਤਲੁਜ ਮੀਡੀਆ ਨਾਮੀ ਅਖੌਤੀ ਪੱਤਰਕਾਰ ।ਜੋ ਆਪ ਪਾਰਟੀ ਦੇ ਮੋਢੀ ਕਮਲ ਸੰਧੂ ਪੱਤਰਕਾਰ ਦਾ ਪੈਰੋਕਾਰ ਮੰਨਦਾ ਹੈ ।ਜੋ ਕੋਰੇ ਝੂਠ ਦਾ ਆਸਰਾ ਲੈਕੇ ਚਲਦੀ ਜੰਗ ਦੌਰਾਨ ,ਇਹ ਝੂਠਾ ਪ੍ਰਾਪੇਗੰਡਾ ਕਰਦਾ ਰਿਹਾ ਹੈ । ਕਿ ਭਾਰਤੀ ਏਅਰਫੋਰਸ ਨੇ ਆਦਮਪੁਰ ਹਵਾਈ ਅੱਡੇ ਤੋਂ ਵੀਹ ਮਿਜ਼ਾਈਲਾਂ ਅੰਮ੍ਰਿਤਸਰ ਤੇ ਸੁੱਟੀਆਂ ।ਪੰਨੂੰ ਨੇ ਕਿਹਾ ਕਿ ਭਾਰਤੀ ਫੌਜਾਂ ਨੇ ਨਨਕਾਣਾਂ ਸਾਹਿਬ ਤੇ ਹਮਲਾ ਕਰ ਦਿੱਤਾ ਹੈ ।ਹਾਲਾਂਕਿ ਪਾਕਿਸਤਾਨ ਨੇ ਅਜਿਹਾ ਕੁਝ ਨਹੀਂ ਕਿਹਾ ਸੀ । ਕੀ ਲੋੜ ਹੈ ? ਜਦ ਕਿ ਪਾਕਿਸਤਾਨ ਦੇ ਦਿਲ ਦੀ ਗੱਲ ਇਹ ਦੋਨੋ "ਜੈ ਚੰਦੀਏ" ਜਿਉਂ ਤਿਉਂ ਹੀ ਕਰ ਰਹੇ ਸਨ ? ਜੋ ਸਿੱਖ ਫੌਜੀ, ਸੈਨਿਕ " ਸਿਰ ਦੀਜੇ , ਕਾਣ ਨਾ ਕੀਜੇ " ਆਧਾਰ ਸਿੱਖ ਵਿਰਸੇ ਦਾ ਗੌਰਵ ਹਨ , ਇਹ ਵਿਕਿਆ ਟੋਲਾ ਉਹਨਾਂ ਨੂੰ ਫੌਜ ਵਿਚ ਨਾ ਜਾਣ ਲਈ ਅਖੌਤੀ ਅਪੀਲ ਕਰਦੇ ਹਨ । ਲੱਗਦਾ ਹੈ ਕਿ ਇਹਨਾਂ ਮੁਗ਼ਲਾਣੀ ਕਿਸਮ ਦੇ ਟੋਲੇ ਨੇ ਅਜੇ ਤੱਕ ਕਿਸੇ ਸਿੱਖ ਫੌਜੀ ਦੇ ਦਰਸ਼ਨ ਨਹੀ ਕੀਤੇ । ਪਾਕਿਸਤਾਨੀਆਂ ਤੋ ਪੁੱਛ ਲੈਣ , ਉਹ ਤਾਂ ਕਈ ਵਾਰ ਸਿੱਖ ਫੌਜੀਆਂ ਦਾ ਜਾਹੋ ਜਲਾਲ ਰੂਪ ਦੇਖ ਚੁੱਕੇ ਹਨ ।1971 ਦੀ ਜੰਗ ਸਮੇਂ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਦਾ ਇਤਿਹਾਸ ਪੜ ਲੈਣ ।ਉਸ ਸਮੇਂ ਪਾਕਿਸਤਾਨੀ ਜਨਰਲ ਨਿਆਜ਼ੀ ਦੇ ਗੋਡੇ ਟੇਕਦੇ ਦੇਖ ਲੈਣ । ਮੈਂ ਇਸ ਬਾਰੇ ਬਹੁਤਾ ਨਹੀਂ ਕਹਿਣਾ ਚਾਹੁੰਦਾ ਕਿ ਇਹ ਸਿੱਖਾਂ ਬਾਰੇ ਗਲਤ ਤੇ ਝੂਠ ਬੋਲਣ ਵਾਲੇ , ਮਨਘੜਤੀਏ ਸ਼ਾਇਦ ਜਨਰਲ ਨਿਆਜ਼ੀ ਦੇ ਖ਼ਾਨਦਾਨ ਨਾਲ ਸਬੰਧਤ ਹੈ ਜਾਂ ਨਹੀਂ ? ਪਰ ਇਹਨਾਂ ਦੀ ਈਰਖਾਲੂ ਭਾਵਨਾ ਜ਼ਰੂਰ ਮੁਗ਼ਲਾਣੀ ਕਿਸਮ ਦੀ ਹੈ ।ਸਿੱਖ ਇਤਿਹਾਸ 1699 ਦੀ ਵਿਸਾਖੀ ਤੋਂ ਮੁਕੰਮਲ ਸਿਰਜਿਆ ਆ ਰਿਹਾ ਹੈ। ਇਸ ਦੇ ਸੰਤ ਸਿਪਾਹੀ ਰੂਪ ਦੀਆਂ ਪੈੜਾਂ ਕਾਬਲ ਕੰਧਾਰ ਤੋਂ ਭਾਰਤ ਦੇਸ਼ ਅਤੇ ਸਾਰੇ ਸੰਸਾਰ ਵਿਚ ਆਪਣੇ ਗੌਰਵ ਇਤਿਹਾਸ ਦਾ ਸਿੱਕਾ ਜਮਾ ਚੁੱਕੀਆਂ ਹਨ । ਅਫਗਾਨੀ, ਦੁਰਾਨੀਆਂ ਦਾ ਮੂੰਹ ਤੋੜਨ ਵਾਲਿਆਂ ਸਿਖਾਂ ਦੀ ਬਹਾਦਰੀ ਅੱਜ ਵੀ "ਸਾਰਾ-ਗੜ੍ਹੀ" ਦੇ ਰੂਪ ਵਿੱਚ ਗਵਾਹੀ ਭਰਦੀ ਹੈ ।ਸੰਸਾਰ ਦੇ ਦੋ ਮਹਾਂ ਯੁੱਧਾਂ ( Two World Wars) ਵਿੱਚ , ਯੋਰਪ ਦੀ ਆਜ਼ਾਦੀ ਲਈ , ਬਹੁਤ ਛੋਟੀ ਗਿਣਤੀ ਵਾਲੀ ਸਿੱਖ ਕੌਮ ਵਿੱਚੋਂ -83000 ਸਿੱਖ ਸ਼ਹੀਦ ਅਤੇ ਇੱਕ ਲੱਖ ਤੋਂ ਵਧੇਰੇ ਜ਼ਖਮੀ ਹੋਏ । ਬੈਲਜੀਅਮ ਦੇ ਸ਼ਹਿਰ 'ਈਪਰ' ਦੇ ਇਤਿਹਾਸਕ ਗੇਟ ਦੇ ਇਰਧ ਗਿਰਦ ਕੰਧਾਂ ਤੇ - ਸ਼ਹੀਦ ਹੋਏ ਸਿਖਾਂ , ਹਿੰਦੂਆਂ , ਮੁਸਲਮਾਨਾਂ ਦੇ ਨਾਮ ਦਰਜ ਹਨ ।ਇਸੇ ਤਰਾਂ ਫਰਾਂਸ , ਇਟਲੀ ਵਿਚ ਵੀ ਅਜਿਹੀਆਂ ਕੌਮੀ , ਸ਼ਹੀਦੀ ਯਾਦਗਾਰਾਂ ਹਨ ।ਇਹ ਜੋ ਪਾਕਿਸਤਾਨ ਦੇ ਦਲਾਲ ਬਣ ਕੇ ਝੂਠਾ ਪ੍ਰਚਾਰ ਕਰਦੇ ਹਨ , ਮੈਂ ਇਹਨਾਂ ਨੂੰ ਕਿਸੇ ਪੱਖੋਂ ਵੀ ਸਿੱਖ ਨਹੀ ਮੰਨਦਾ , ਨਾ ਹੀ ਇਹਨਾ ਕੋਲ ਸਿੱਖ ਕਰਦਾਰ ਹੈ । ਇਹਨਾਂ ਦੀ ਬੋਲੀ ਕਿਧਰੇ ਵੀ ਸਿੱਖ ਸਦਾਚਾਰ ਨਾਲ ਮੇਲ ਨਹੀਂ ਖਾਂਦੀ । ਸਿੱਖਾਂ ਵਿੱਚ ਗੁਰਇਤਿਹਾਸ, ਮਿਸਲਾਂ ਤੇ ਘਲੂਘਾਰੇਆਂ ਦਾ ਇਤਿਹਾਸ ਸੰਸਾਰ ਦੇ ਖਿਤਿਆਂ ਵਿੱਚ , ਖਾਸ ਕਰਕੇ ਉੱਚ ਪੱਧਰੀ ਰਿਹਾ ਹੈ ।ਇਹਨਾਂ ਪਾਕਿਸਤਾਨੀ ਦਲਾਲਾਂ ਦੀ ਕੋਈ ਭੀ ਦਲੀਲ ਸਿੱਖ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ ।ਇਹ ਤਾਂ ਅਜਿਹੇ ਭੀ "ਜੈ ਚੰਦ" ਦੀ ਵੰਸ਼ ਵਿਚੋ ਹੋ ਸਕਦੇ ਹਨ , ਜਿਸ ਨੇ ਦੇਸ਼ ਦੇ ਲੋਕਾਂ ਨਾਲ ਗਦਾਰੀ ਕੀਤੀ ਸੀ । ਮੁਹੰਮਦ ਗੌਰੀ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ । ਸਿੱਟੇ ਵਜੋਂ ਲੋਕਾਂ ਨੂੰ ਲੁੱਟਣਾ , ਬੇਪਤ ਕਰਨਾ , ਬਾਬਰ ਜਿਹਿਆਂ ਦੇ ਹਮਲੇ ਦੀ ਸ਼ੁਰੂਆਤ ਹੋਈ । ਮੁਗਲ ਰਾਜ ਦਾ ਸਮਾਂ । ਸਦੀਆਂ ਦੇ ਦੁੱਖਾਂਤ ਨੂੰ ਅਜਿਹੇ ਦਲਾਲਾਂ ਨੇ ਪੈਦਾ ਕੀਤਾ । ਅੱਜ ਆਮ ਲੋਕਾਂ , ਖ਼ਾਸਕਰ ਸਿੱਖਾਂ ਲਈ ਇਹ ਮੀਡੀਆ ਸ਼ਾਇਦ ਕੋਈ ਸ਼ੁਗਲ ਜਿਹਾ ਲੱਗਦਾ ਹੈ । ਪਰ ਸਿੱਖਾਂ ਦੇ ਸਿਧਾਂਤਕ ਜੀਵਨ , ਹਰ ਰੋਜ਼ ਦੀ ਘਾਲਣਾ ਭਰੀ ਜ਼ਿੰਦਗੀ ਲਈ ਇਹ ਦਲਾਲ ਬਹੁਤ ਖ਼ਤਰਨਾਕ ਹਨ । ਅੱਜ ਸਾਡੇ ਖ਼ਿੱਤੇ ਦੇ ਪੰਜਾਬ ਲਈ ਇੱਕ ਗੱਲ ਫਿਰ ਤੋਂ ਉੱਭਰ ਕੇ ਸਾਹਮਣੇ ਆ ਗਈ ਹੈ । ਕਿ ਪਾਕਿਸਤਾਨ ਆਉਣ ਵਾਲੇ ਭਵਿੱਖ ਵਿੱਚ ਬਿਲਕੁਲ ਸ਼ਾਂਤੀ ਦਾ ਵਾਤਾਵਰਨ ਨਹੀਂ ਰੱਖਣਾ ਚਾਹੁੰਦਾ । ਸਾਨੂੰ ਅਜਿਹਾ ਹੀ ਸੋਚ ਕੇ ਕਿਸੇ ਵੀ ਧੋਖੇ ਤੇ ਗੁਮਰਾਹ ਵਾਲੀ ਸੋਚ ਤੋਂ ਬਚ ਕੇ , ਸਾਵਧਾਨ ਰਹਿਣਾ ਚਾਹੀਦਾ ਹੈ । ਦਲਾਲ ਲੋਕ ਇਸ ਗੱਲ ਦਾ ਬਿਲਕੁਲ ਜ਼ਿਕਰ ਨਹੀਂ ਕਰਦੇ ਕਿ 1947 ਸਮੇ ਪਾਕਿਸਤਾਨ ਵਿੱਚ ਸਿੱਖਾਂ , ਹਿੰਦੂਆਂ ਦੀ ਆਬਾਦੀ 12 ਪ੍ਰਤੀ ਸ਼ਤ ਸੀ । ਹੁਣ ਘੱਟ ਕੇ 3 ਪ੍ਰਤੀ ਸ਼ਤ ਕਿਉ ਰਹਿ ਗਈ ਹੈ ? ਸਿੱਖ , ਹਿੰਦੂ , ਕਿੰਨੇ ਕੁ ਮਾਰੇ ਗਏ ? ਕਿਤਨਾ ਧਰਮ ਪਰਿਵਰਤਨ ਜਬਰੀ ਹੋਇਆ ? ਕੀ ਜ਼ਮੀਨ ਖਾ ਗਈ ? ਕੋਈ ਆਗੂ ਕਿਸੇ ਭੀ ਜਾਨੀ ਨੁਕਸਾਨ ਤੇ ਜ਼ਬਾਨ ਕਿਉਂ ਨਹੀਂ ਖੋਲਦਾ ? ਕੀ ਸਿੱਖ ਕੌਮ ਕਦੇ ਇਸ ਬਾਰੇ ਸੋਚੇਗੀ ਕਿ ਪਿਛਲੇ ਸੱਤਰ ਸਾਲ ਵਿੱਚ ਸਿੱਖ ਤੇ ਸਿੱਖ ਆਬਾਦੀ ਨਾਲ ਕੀ ਕੀ ਹੋਇਆ ? ਜੇਕਰ ਪਾਕਿਸਤਾਨ ਇਹਨਾਂ ਦਲਾਲਾਂ ਰਾਹੀ ਸਿੱਖਾਂ ਦਾ ਦੋਸਤ ਦੱਸਦਾ ਹੈ ਤਾਂ ਉਪਰੋਕਤ ਅੰਕੜੇਆਂ ਦਾ ਉੱਤਰ ਦੇਵੇ ? ਇਸੇ ਤਰਾਂ ਦੇ ਦੋ ਪਿਓ ਪੁੱਤਰ , ਗਦਾਰ ਅਰੂੜ ਸਿੰਘ ਦੀ ਵਿਰਾਸਤ ਮਾਨ ਪਰਿਵਾਰ ਹਨ । ਪੁੱਤਰ ਝੂਠ ਬੋਲ ਕੇ ਪਾਕਿਸਤਾਨ ਦੀ ਬੋਲੀ ਬੋਲਦਾ ਹੈ , ਕਿ ਮੋਦੀ ਸਰਕਾਰ ਨੇ ਅੰਮ੍ਰਿਤਸਰ ਤੇ ਮਿਜਾਈਲ ਸੁੱਟੀ ਹੈ । ਕੋਰਾ ਝੂਠ । ਪਿਓ ਕਹਿ ਰਿਹਾ ਕਿ ਮੋਦੀ ਤੇ ਅਮਿਤ ਸ਼ਾਹ , ਜੰਗ ਨੂੰ ਗੁਜਰਾਤ ਲੈ ਜਾਣ , ਸਾਨੂੰ ਨਹੀਂ ਚਾਹੀਦੀ । ਇਸ ਨੂੰ ਪੁੱਛੋ ਕਿ ਜੰਗ ਕੋਈ ਤੇਰੇ ਨਾਨੇ ਦੀ ਗਦਾਰੀ ਦੀ ਵਿਰਾਸਤ ਦਾ ਛਾਬਾ ਹੈ , ਜੋ ਅਗਾਂਹ ਨੂੰ ਤੋਰ ਦੇਵੇਗਾ । ਤੁਸੀਂ ਪਿਓ , ਪੁੱਤਰ ਕਿਓ ਨਹੀਂ ਗੁਜਰਾਤ ਚਲੇ ਜਾਂਦੇ । ਅੰਦਰ ਲੁਕ ਲੁਕ ਵਿਧਾਨ ਦੀਆਂ ਸੌਹਾਂ ਚੁੱਕਦੇ ਹਨ । , ਉਸੇ ਸਰਕਾਰੀ ਖਜ਼ਾਨੇ ਵਿੱਚੋਂ ਪੈਨਸ਼ਨ ਤੇ ਭੱਤੇ ਖਾ ਰਹੇ ਹਨ । ਉਸੇ ਥਾਲ਼ੀ ਵਿੱਚ ਛੇਦ ਕਰ ਰਹੇ ਹਨ । ਇਸ ਨੇ ਵੀ ਤਾਂ , ਗੁਰੂ ਅੰਗਦ ਦੇਵ ਜੀ ਦੇ ਜਨਮ ਅਸਥਾਨ , ਗੁਰਦੁਆਰੇ ਵਿਖੇ , ਚਾਰ ਨਿਹੰਗ ਸਿੰਘਾਂ ਦਾ ਕਤਲ ਕੀਤਾ ਸੀ । 1979 ਵਿੱਚ ਕਤਲ ਕੀਤੇ ਸਨ । , ਇੰਦਰਾ ਗਾਂਧੀ ਦਾ ਉਪਾਸ਼ਕ ਸੀ । ਜਿਵੇਂ ਕਿ ਕਈ ਸਾਲ ਗੁਰਬਚਨੇ ਨਰਕਧਾਰੀ ਤੇ ਕੇਸ ਨਹੀਂ ਚੱਲਿਆ । ਇਸ ਤੇ ਕਾਂਗਰਸ ਦੀ ਮਿਹਰ ਸਦਕਾ ਕੋਈ ਕਤਲ ਦਾ ਮੁਕੱਦਮਾ ਨਹੀਂ ਪਾਇਆ ਗਿਆ।





ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

## ਗਰੀਬਾਂ ਨੂੰ ਜ਼ਹਰੀਲੀ ਜਹਰੀਲੀ ਸ਼ਰਾਬ ਪਿਲਾਉਣ ਵਾਲਿਆਂ ਨੂੰ ਦਿੱਤੀ ਜਾਵੇ ਸਖਤ ਸਜ਼ਾ : ਭਾਨ ਸਿੰਘ ਜੱਸੀ

# ਸਹਿਯੋਗੀਆਂ ਨੂੰ ਵੀ ਜਾਂਚ ਵਿੱਚ ਸ਼ਾਮਿਲ ਕੀਤੇ ਜਾਣ ਦੀ ਮੰਗ

**ਸ਼ੇਰਪੁਰ (ਰਣਜੀਤ ਸਿੰਘ ਪੇਧਨੀ )**-ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਮਜੀਠਾ ਵਿਖੇ ਜਹਰੀਲੀ ਸ਼ਰਾਬ ਪੀਣ ਕਾਰਨ ਲਗਭਗ ਡੇਢ ਦਰਜਨ ਗਰੀਬ ਲੋਕ ਮਾਰੇ ਗਏ ਅਤੇ ਹਸਪਤਾਲਾਂ ਵਿੱਚ ਅਨੇਕਾਂ ਲੋਕ ਅਜੇ ਵੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ । ਉਪਰੋਕਤ ਘਟਨਾ ਤੇ ਦੁੱਖ ਪ੍ਰਗਟ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ( ਜੱਸੀ ਪੇਧਨੀ ) ਨੇ ਇਸ ਪੂਰੇ ਘਟਨਾਕਰਮ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਪੈਸੇ ਦੇ ਪੁੱਤ ਇਹਨਾਂ ਲਾਲਚੀ ਅਤੇ ਕਰਗਾਂ ਵਾੜੀ ਦੇ "ਕੁੱਤਿਆਂ" ਵਰਗੀ ਮਾਨਸਿਕਤਾ ਵਾਲੇ ਵਪਾਰੀਆਂ ਨੇ ਇਸ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਹੀ ਲੋਕਾਂ ਨੂੰ ਜ਼ਿਹਰੀਲੀ ਸ਼ਰਾਬ ਪਿਲਾਕੇ ਮੌਤ ਦੇ ਬੂਹੇ ਵੱਲ ਧੱਕਿਆ ਹੋਏਗਾ, ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਦੱਸਿਆ ਕਿ ਜਹਰੀਲੀ ਸ਼ਰਾਬ ਦੀ ਲਪੇਟ ਵਿੱਚ ਆਉਣ ਕਾਰਨ ਜਿੱਥੇ ਦਰਜਨ ਤੋਂ ਵੱਧ ਘਰਾਂ ਚਿਰਾਗ ਬੁੱਝ ਗਏ ਹਨ ਉੱਥੇ ਇਨਾਂ ਗਰੀਬ ਮਜ਼ਦੂਰਾਂ ਵਿੱਚੋਂ ਇੱਕ ਬਾਪ ਦੀਆਂ 5 ,ਮਾਸੂਮ ਧੀਆਂ ਵੀ ਕੰਧਾਂ ਵਿੱਚ ਟੱਕਰਾਂ ਮਾਰਕੇ ਭੁੱਬੀ ਰੋਂਦੀਆਂ ਕਿਸਮਤ ਨੂੰ ਕੋਸ ਰਹੀਆਂ ਹਨ, ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਜ਼ਹਰੀਲੀ ਸ਼ਰਾਬ ਵੇਚਣ ਦਾ ਕਾਲਾ ਧੰਦਾ ਕਰਨ ਵਾਲੇ ਦੋਸ਼ੀਆਂ ਦੀ ਸਿਧੇ ਜਾਂ ਅਸਿੱਧੇ ਤਰੀਕੇ ਨਾਲ ਮਦਦ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਰਨ ਵਾਲਿਆਂ ਨੂੰ ਪ੍ਰਤੀ ਵਿਅਕਤੀ 20 ਲੱਖ ਰੁਪਏ ਦੀ ਸਹਾਇਤਾ , ਸਰਕਾਰੀ ਨੌਕਰੀ ਅਤੇ ਬੱਚਿਆਂ ਦੀ ਪੜ੍ਹਾਈ ਮੁਫਤ ਕਰਾਉਣ ਐਲਾਨ ਕਰੇ।



# ਪਾਣੀ ਵਿਵਾਦ : ਸਟੇਟਸ ਕੋਰਟ ਦੀ ਮੰਗ ਖਾਰਜ, ਪੰਜਾਬ ਲੰਮੀ ਤਰੀਕ ਮਿਲਣ ਤੋਂ ਖ਼ੁਸ਼



**ਚੰਡੀਗੜ੍ਹ, 14 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਹਰਿਆਣਾ ਨੂੰ ਵਾਧੂ ਪਾਣੀ ਛੱਡੇ ਜਾਣ ਦੇ ਮਾਮਲੇ ਤੇ ਸਟੇਟਸ ਕੋ ਕੀਤੇ ਜਾਣ ਦੀ ਮੰਗ ਨੂੰ ਅੱਜ ਖਾਰਜ ਕਰ ਦਿੱਤਾ ਹੈ ਪਰ ਹਾਈ ਕੋਰਟ ਵੱਲੋਂ ਮਾਮਲੇ ਦੀ ਅਗਲੀ ਤਰੀਕ 30 ਮਈ ਪਾਏ ਜਾਣ ਤੇ ਪੰਜਾਬ ਸਰਕਾਰ ਨੂੰ ਅਸਿੱਧੇ ਤਰੀਕੇ ਨਾਲ ਰਾਹਿਤ ਮਿਲ ਗਈ ਹੈ ਕਿਉਂਕਿ 21 ਮਈ ਤੋ ਤਾਂ ਡੈਮ ਫਿਲਿੰਗ ਪੀਰੀਅਡ ਸ਼ੁਰੂ ਹੋ ਜਾਂਦਾ ਹੈ । 21 ਮਈ ਤੋ ਬਾਅਦ ਹਰਿਆਣਾ ਨੂੰ ਰੁਟੀਨ ਵਾਲਾ ਪਾਣੀ ਹੀ ਮਿਲਣਾ ਸ਼ੁਰੂ ਹੋ ਜਾਵੇਗਾ । ਅੱਜ ਕੋਰਟ ਚ ਬੀਬੀਐਮਬੀ ਅਤੇ ਹਰਿਆਣਾ ਨੇ ਪੰਜਾਬ ਵਲੋ ਪਾਈ ਰਿਵਿਊ ਪਟੀਸ਼ਨ ਦਾ ਜਵਾਬ ਦੇਣ ਟਾਈਮ ਦੀ ਮੰਗ ਕੀਤੀ ਗਈ ਸੀ।

# ਸਭ ਦੇ ਧਿਆਨ ਹਿੱਤ ਭਰਤੀ ਸੰਬੰਧੀ ਜ਼ਰੂਰੀ ਬੇਨਤੀ

ਸਤਿਕਾਰ ਸਹਿਤ ਬੇਨਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਭਰਤੀ ਦੀਆਂ ਕਾਪੀਆਂ ਜੋ 18 ਮਾਰਚ ਤੋ 30 ਅਪ੍ਰੈਲ ਤੱਕ ਵਿੱਚ ਜਾਰੀ ਕੀਤੀਆਂ ਗਈਆਂ ਸਨ। ਕਿਰਪਾ ਕਰਕੇ ਉਹ ਕਾਪੀਆਂ ਮੁਕੰਮਲ ਕਰਕੇ 15 ਮਈ ਤੱਕ ਜਿਥੋ ਪ੍ਰਾਪਤ ਕੀਤੀਆਂ ਸਨ, ਉਥੇ ਜਾਂ ਦਫ਼ਤਰ ਜਮਾਂ ਕਰਵਾਉਣ ਦੀ ਖੇਚਲਾਂ ਕਰਨੀ ਤੇ ਪਹਿਲੀ ਪਰਚੀ ਵਾਲੇ ਸਰਕਲ ਡੈਲੀਗੇਟਾਂ ਦੀ ਲਿਸਟ ਵੀ ਨਾਲ ਬਣਾ ਕੇ ਆਪਣੇ ਦਸਤਖਤਾਂ ਥੱਲੇ ਜਮਾਂ ਕਰਾਉਣੀ। ਜਿਵੇਂ ਕਾਪੀਆਂ ਆਉਣਗੀਆਂ ਉਸੇ ਤਰਾਂ ਕੰਪਿਊਟਰ ਵਿੱਚ ਵੀ ਫੀਡ ਕਰਨੀਆਂ ਹਨ। ਜਿਹਨਾਂ ਨੇ ਹਾਲੇ ਤੱਕ ਭਰਤੀ ਕਾਪੀਆਂ ਪੂਰੀਆ ਨਹੀ ਭਰੀਆਂ ਉਹ ਜਲਦੀ ਤੋ ਜਲਦੀ ਭਰੀਆਂ ਜਾਣ। ਅਗਰ ਕਿਸੇ ਨੂੰ ਹੋਰ ਭਰਤੀ ਕਾਪੀਆਂ ਦੀ ਜਰੂਰਤ ਹੋਵੇ ਤਾਂ ਉਹ ਹੋਰ ਕਾਪੀਆਂ ਜਲਦੀ ਪ੍ਰਾਪਤ ਕਰ ਲੈਣ ਤਾਂ ਕਿ ਭਰਕੇ ਸਹੀ ਸਮੇ ਸਿਰ ਵਾਪਿਸ ਜਮਾਂ ਹੋ ਸਕਣ । ਧੰਨਵਾਦ ਸਹਿਤ, ਪੰਜ ਮੈਂਬਰੀ ਭਰਤੀ ਕਮੇਟੀ।

# ਵਿਸ਼ਵ ਤੀਰਅੰਦਾਜ਼ੀ ਕੱਪ 2025 ਵਿੱਚ ਜੀ.ਕੇ.ਯੂ. ਦੇ ਤੀਰਅੰਦਾਜ਼ ਪਾਰਥ ਸੋਲੰਕੇ ਤੇ ਰਿਸ਼ਵ ਯਾਦਵ ਨੇ ਜਿੱਤੇ ਕਾਂਸੇ ਦੇ ਤਗਮੇ




**ਤਲਵੰਡੀ ਸਾਬੋ, 13 ਮਈ (ਗੁਰਜੰਟ ਸਿੰਘ ਨਥੇਹਾ)**-ਸ਼ਿੰਘਾਈ ਚਾਈਨਾ ਵਿਖੇ ਹੋਏ ਵਿਸ਼ਵ ਤੀਰਅੰਦਾਜ਼ੀ ਕੱਪ-2025 ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤੀਰਅੰਦਾਜ਼ ਪਾਰਥ ਸੋਲੰਕੇ ਨੇ ਆਪਣੀ ਸਾਥੀ ਖਿਡਾਰਨ ਦੀਪਿਕਾ ਕੁਮਾਰੀ ਨਾਲ ਮਿਲ ਕੇ ਵਿਅਕਤੀਗਤ ਰਿਕਰਵ ਮੁਕਾਬਲੇ ਵਿੱਚ ਕਾਂਸੇ ਦਾ ਤਗਮਾ ਜਿੱਤ ਕੇ ਭਾਰਤ ਦੇ ਤਗਮਿਆਂ ਦੀ ਗਿਣਤੀ ਸੱਤ ਕੀਤੀ। ਇਸ ਦੇ ਨਾਲ ਹੀ ਵਰਸਿਟੀ ਦੇ ਤੀਰਅੰਦਾਜ਼ ਰਿਸ਼ਵ ਯਾਦਵ ਨੇ ਪੁਰਸ਼ਾਂ ਦੇ ਕੰਪਾਉਂਡ ਵਿਅਕਤੀਗਤ ਮੁਕਾਬਲਿਆਂ ਵਿੱਚ ਕਾਂਸੇ ਦੇ ਤਗਮੇ ਤੇ ਨਿਸ਼ਾਨਾ ਲਾਇਆ। ਇਸ ਮੌਕੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਤੇ ਉਪ ਕੁਲਪਤੀ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਨੇ ਸਮੂਹ ਵਰਸਿਟੀ ਪਰਿਵਾਰ ਨੂੰ ਵਧਾਈ ਦਿੱਤੀ। ਚਾਂਸਲਰ ਸ. ਸਿੱਧੂ ਨੇ ਕਿਹਾ ਕਿ ਇਹ ਵਰਸਿਟੀ ਦੇ ਖਿਡਾਰੀਆਂ ਦੀਆਂ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਨੇ ਇਲਾਕੇ ਅਤੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਜੀ.ਕੇ.ਯੂ. ਪਰਿਵਾਰ ਨੂੰ ਉਨ੍ਹਾਂ ਦੀ ਇਸ ਸ਼ਾਨਾਮਤੀ ਪ੍ਰਾਪਤੀ ਤੇ ਮਾਣ ਹੈ। ਉਨ੍ਹਾਂ ਖਿਡਾਰੀਆਂ ਨੂੰ ਆਪਣਾ ਖੇਡ ਪੱਧਰ ਉੱਚਾ ਚੁੱਕਣ ਲਈ ਹਰ ਤਰ੍ਹਾਂ ਦੀਆਂ ਖੇਡ ਸਹੂਲਤਾਂ ਪ੍ਰਦਾਨ ਕਰਨ ਦੇ ਵਾਅਦੇ ਨੂੰ ਦੁਹਰਾਇਆ ਤੇ ਆਪਣੇ ਟੀਚੇ ਹੋਰ ਉੱਚੇ ਚੁੱਕਣ ਲਈ ਪ੍ਰੇਰਿਤ ਕੀਤਾ। ਉਪ ਕੁਲਪਤੀ ਡਾ. ਸਿੰਘ ਨੇ ਡਾਇਰੈਕਟਰ ਸਪੋਰਟਸ ਡਾ. ਰਾਜ ਕੁਮਾਰ ਸ਼ਰਮਾ, ਖਿਡਾਰੀਆਂ, ਕੋਚ ਅਤੇ ਫੈਕਲਟੀ ਮੈਂਬਰਾਂ ਨਾਲ ਖੁਸ਼ੀ ਨੂੰ ਸਾਂਝਾ ਕਰਦਿਆਂ ਕਿਹਾ ਕਿ ਇਹ ਪ੍ਰਾਪਤੀਆਂ ਵਰਸਿਟੀ ਪ੍ਰਬੰਧਕਾਂ ਵੱਲੋਂ ਖਿਡਾਰੀਆਂ ਨੂੰ ਬੁਨਿਆਦੀ, ਢਾਂਚਾਗਤ ਤੇ ਆਰਥਿਕ ਪੱਖੋਂ ਦਿੱਤੀਆਂ ਗਈਆਂ ਸਹੂਲਤਾਂ ਦਾ ਨਤੀਜਾ ਹੈ। ਉਨ੍ਹਾਂ ਖਿਡਾਰੀਆਂ ਅਤੇ ਕੋਚ ਸਾਹਿਬਾਨ ਵੱਲੋਂ ਕੀਤੀ ਗਈ ਮਿਹਨਤ ਸੰਘਰਸ਼ ਅਤੇ ਤਿਆਗ ਦਾ ਜਿਕਰ ਕਰਦਿਆਂ ਕਿਹਾ ਕਿ ਉੱਭਰ ਰਹੇ ਖਿਡਾਰੀਆਂ ਨੂੰ ਇਨਾਂ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ ।ਡਾ. ਸ਼ਰਮਾ ਨੇ ਵਿਸ਼ਵ ਕੱਪ ਦੇ ਨਤੀਜਿਆਂ ਬਾਰੇ ਦੱਸਿਆ ਕਿ ਪਾਰਥ ਸੋਲੰਕੇ ਨੇ ਲਗਾਤਾਰ ਆਪਣੀ ਖੇਡ ਵਿੱਚ ਸੁਧਾਰ ਕਰਦਿਆਂ ਆਪਣੇ ਵਿਰੋਧੀ ਫਰਾਂਸ ਦੇ ਤੀਰ ਅੰਦਾਜ਼ ਬੋਧਇਸਟੇ ਅਦੀਮ ਨੂੰ 6-4 ਦੇ ਫਰਕ ਨਾਲ ਹਰਾਇਆ। ਇਸ ਤੋਂ ਪਹਿਲਾਂ ਉਸ ਨੇ ਟੋਕੀਓ ਓਲੰਪਿਕ ਚੈਂਪੀਅਨ ਮੌਟੇ ਗਜ਼ੋਜ਼ ਤੇ ਦੱਖਣੀ ਕੋਰੀਆ ਦੇ ਕਿਮ-ਜੇ ਡੀਓਕ ਨੂੰ ਹਰਾਇਆ ਸੀ।

### ਖਾਲਸਾ ਅਕੈਡਮੀ ਦਾ

# ਦਸਵੀਂ ਅਤੇ ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ



**ਚੌਕ ਮਹਿਤਾ, 14 ਮਈ, ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਜੋ ਕਿ ਦਮਦਮੀ ਟਕਸਾਲ ਦੇ ਸੁਰਮੀ ਮੁਖੀ ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਸੰਯੋਗ ਰਹਿਨੁਮਾਈ ਹੇਠ ਚੱਲ ਰਿਹਾ ਵਿਦਿਅਕ ਅਦਾਰਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਦਾ ਸੈਸ਼ਨ 2024-2025 ਦਾ ਦਸਵੀਂ ਅਤੇ ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਸਾਰੀ ਹੀ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ।। ਜਿਨਾਂ ਵਿੱਚੋਂ ਬਾਰਵੀਂ ਕਲਾਸ ਦੀ ਵਿਦਿਆਰਥਨ ਐਸ਼ਮੀਨ ਕੌਰ ਨੇ 89.8% , ਅੰਮ੍ਰਿਤਪਾਲ ਸਿੰਘ 88.8%, ਵਿਪਨਪ੍ਰੀਤ ਕੌਰ 84.6%, ਰਵਨੂਰਪ੍ਰੀਤ ਕੌਰ 84%, ਵਾਰਸ ਪ੍ਰੀਤ ਸਿੰਘ 82.4%, ਸਾਹਿਬ ਨੂਰ ਸਿੰਘ 82%, ਸੁਪਨਪ੍ਰੀਤ ਕੌਰ , ਕੀਰਤਬੀਰ ਸਿੰਘ ਅੰਮ੍ਰਿਤਪ੍ਰੀਤ ਕੌਰ ਨੇ 81% ਅਤੇ ਰੋਜਬੀਰ ਕੌਰ ਨੇ 80% ਅੰਕ ਪ੍ਰਾਪਤ ਕਰਕੇ ਸਕੂਲ ਪ੍ਰਿੰਸੀਪਲ ਅਤੇ ਸਮੂਹ ਅਧਿਆਪਕ ਸਾਹਿਬਾਨ ਦਾ ਨਾਮ ਰੋਸ਼ਨ ਕੀਤਾ। ਇਸੇ ਤਰ੍ਹਾਂ ਕਲਾਸ ਦਸਵੀਂ ਦੇ ਵਿਦਿਆਰਥੀ ਹਰਸਿਮਰਨ ਸਿੰਘ ਨੇ 93%, ਸੁਮੀਤ ਕੌਰ, ਜਸਵੀਨ ਕੌਰ , ਲਵਲੀਨ ਭਗਤ ਨੇ 91% , ਗੁਰਚੇਤੰਨ ਸਿੰਘ 90%, ਪਰਮੀਤ ਕੌਰ, ਅਰਪਣ ਪ੍ਰੀਤ ਕੌਰ 88%, ਹਰਸਿਮਰਤ ਕੌਰ 87% ਸਹਿਜਪ੍ਰੀਤ ਕੌਰ, ਕਰਨਵੀਰ ਸਿੰਘ, ਗੁਨਤਾਸ ਸਿੰਘ 86% , ਮਹਿਕਦੀਪ ਕੌਰ 85% ਅਰਸ਼ਪ੍ਰੀਤ ਸਿੰਘ 84% ਜਸ਼ਨਪ੍ਰੀਤ ਸਿੰਘ 83% ਚਰਨਜੀਤ ਕੌਰ , ਖੁਸ਼ਦੀਪ ਕੌਰ 82% , ਸੁਖਮਨਜੀਤ ਕੌਰ, ਗੁਰਸ਼ਾਨ ਸਿੰਘ , ਹਰਮੀਤ ਸਿੰਘ 81% ਅੰਕ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ/ ਪ੍ਰਿੰਸੀਪਲ ਡਾਕਟਰ ਜਤਿੰਦਰ ਸ਼ਰਮਾ , ਪ੍ਰਿੰਸੀਪਲ ਸ: ਹਰਸ਼ਦੀਪ ਸਿੰਘ ਕਾਲਜ ਪ੍ਰਿੰਸੀਪਲ ਸ: ਗੁਰਦੀਪ ਸਿੰਘ ਜਲਾਲ ਉਸਮਾ ਜੀ ਨੇ ਸਾਰੇ ਹੀ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਅਤੇ ਸਾਰੇ ਹੀ ਅਧਿਆਪਕ ਸਾਹਿਬਾਨਾਂ ਦਾ ਬਹੁਤ ਹੀ ਧੰਨਵਾਦ ਕੀਤਾ ਜਿਨਾਂ ਦੇ ਸਦਕਾ ਇਹਨਾਂ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੋਸ਼ਨ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਪਲੂਟੋ ਬਾਰੇ ਸਮਝਣਾ ਕਿ

# ਕਿਉਂ ਸਾਡੇ ਨੌਵੇਂ ਗ੍ਰਹਿ ਨੇ ਆਪਣਾ ਦਰਜਾ ਗੁਆ ਦਿੱਤਾ



**ਇੱਕ ਫੈਸਲਾ** ਜੋ ਖਗੋਲ ਵਿਗਿਆਨਕ ਸਮੂਹ ਵਿੱਚ ਗੂੰਜਿਆ ਅਤੇ ਜਨਤਾ ਦੀ ਰੁਚੀ ਨੂੰ ਕੈਦ ਕੀਤਾ, ਉਹ ਸੀ ਅੰਤਰਰਾਸ਼ਟਰੀ ਖਗੋਲ ਵਿਗਿਆਨ ਸੰਘ (IAU) ਦੁਆਰਾ 2006 ਵਿੱਚ ਕੀਤਾ ਗਿਆ, ਜਦੋਂ ਇਸਨੇ ਗ੍ਰਹਿ ਦੀ ਵਰਗੀਕਰਨ ਲਈ ਮਾਪਦੰਡਾਂ ਨੂੰ ਦੁਬਾਰਾ ਪਰਿਭਾਸ਼ਿਤ ਕੀਤਾ। ਇਸ ਨਾਲ ਪਲੂਟੋ ਨੂੰ ਇੱਕ ਗ੍ਰਹਿ ਤੋਂ "ਡਵਾਰਫ ਗ੍ਰਹਿ" ਵਜੋਂ ਮੁੜ ਵਰਗੀਕਰਣ ਕੀਤਾ ਗਿਆ। ਇਸ ਫੈਸਲੇ ਨੇ ਵਿਗਿਆਨੀਆਂ, ਸਿੱਖਿਆ ਦਾਤਾਵਾਂ ਅਤੇ ਖਗੋਲ ਵਿਗਿਆਨ ਦੇ ਪ੍ਰੇਮੀਆਂ ਵਿਚ ਵਿਚਾਰ-ਵਿਮਰਸ਼ ਨੂੰ ਜਨਮ ਦਿੱਤਾ, ਜਿਸ ਨਾਲ ਬਹੁਤ ਸਾਰੇ ਲੋਕਾਂ ਨੇ ਪੁੱਛਿਆ ਕਿ ਗ੍ਰਹਿ ਹੋਣ ਦਾ ਅਸਲੀ ਮਤਲਬ ਕੀ ਹੈ।

**ਗ੍ਰਹਿ ਦੀ ਦਰਜਾਬੰਦੀ ਲਈ ਮਾਪਦੰਡ**

IAU ਨੇ ਤਿੰਨ ਮਾਪਦੰਡ ਸਥਾਪਿਤ ਕੀਤੇ ਜੋ ਕਿਸੇ ਪਦਾਰਥ ਨੂੰ ਗ੍ਰਹਿ ਵਜੋਂ ਵਰਗੀਕਰਨ ਕਰਨ ਲਈ ਪੂਰੇ ਕਰਨੇ ਚਾਹੀਦੇ ਹਨ:

1. ਸੂਰਜ ਦਾ ਚੱਕਰ ਲਗਾਉਣਾ: ਪਦਾਰਥ ਨੂੰ ਸੂਰਜ ਦਾ ਚੱਕਰ ਲਗਾਉਣਾ ਚਾਹੀਦਾ ਹੈ।
2. ਯੋਗ ਪੁੰਜ: ਪਦਾਰਥ ਨੂੰ ਆਪਣੇ ਆਪ ਦੀ ਗੁਰੁੱਤਾ ਲਈ ਯੋਗ ਪੁੰਜ ਹੋਣਾ ਚਾਹੀਦਾ ਹੈ, ਜੋ ਕਿ ਇਸਨੂੰ ਲਗਭਗ ਗੋਲ ਆਕਾਰ ਅਪਣਾਉਣ ਦੀ ਆਗਿਆ ਦੇਵੇ।
3. ਚੱਕਰ ਨੂੰ ਸਾਫ ਕਰਨਾ: ਪਦਾਰਥ ਨੂੰ ਆਪਣੇ ਚੱਕਰ ਨੂੰ ਹੋਰ ਮਲਬੇ ਤੋਂ ਸਾਫ ਕਰਨਾ ਚਾਹੀਦਾ ਹੈ।

ਜਦੋਂ ਕਿ ਪਲੂਟੋ ਪਹਿਲੇ ਦੋ ਮਾਪਦੰਡਾਂ ਨੂੰ ਪੂਰਾ ਕਰਦਾ ਹੈ—ਸੂਰਜ ਦਾ ਚੱਕਰ ਲਗਾਉਣਾ ਅਤੇ ਆਪਣੇ ਗੁਰੁੱਤਾ ਕਾਰਨ ਲਗਭਗ ਗੋਲ ਹੋਣਾ—ਇਹ ਤੀਜੇ ਮਾਪਦੰਡ ਨੂੰ ਪੂਰਾ ਨਹੀਂ ਕਰਦਾ। ਪਲੂਟੋ ਆਪਣੇ ਚੱਕਰ ਦੇ ਖੇਤਰ ਨੂੰ ਕੁਆਇਪਰ ਬੇਲਟ ਵਿੱਚ ਮਲਬੇ ਨਾਲ ਸਾਂਝਾ ਕਰਦਾ ਹੈ, ਜੋ ਕਿ ਬਰਫੀਲੇ ਪਦਾਰਥਾਂ ਅਤੇ ਸੂਰਜੀ ਪ੍ਰਣਾਲੀ ਦੀ ਬਣਤਰ ਤੋਂ ਬਚੇ ਹੋਏ ਅਵਸ਼ੇਸ਼ਾਂ ਨਾਲ ਭਰਿਆ ਹੋਇਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਕੁਆਇਪਰ ਬੇਲਟ ਅਤੇ ਪਲੂਟੋ ਦੀ ਵਿਲੱਖਣ ਵਿਸ਼ੇਸ਼ਤਾਵਾਂ**

1930 ਵਿੱਚ ਕਲਾਈਡ ਟੋਮਬਾਅ ਨੇ ਖੋਜਿਆ, ਪਲੂਟੋ ਨੂੰ ਸ਼ੁਰੂ ਵਿੱਚ ਸਾਡੇ ਸੂਰਜੀ ਪ੍ਰਣਾਲੀ ਵਿੱਚ ਨੌਵੇਂ ਗ੍ਰਹਿ ਵਜੋਂ ਮੰਨਿਆ ਗਿਆ। ਹਾਲਾਂਕਿ, ਜਿਵੇਂ ਜਿਵੇਂ ਖਗੋਲ ਵਿਗਿਆਨੀ ਸੂਰਜੀ ਪ੍ਰਣਾਲੀ ਦੇ ਬਾਹਰੀ ਖੇਤਰਾਂ ਦੀ ਖੋਜ ਕਰਦੇ ਰਹੇ, ਉਨ੍ਹਾਂ ਨੇ ਬਹੁਤ ਸਾਰੇ ਹੋਰ ਛੋਟੇ ਤਾਰੇ ਪਦਾਰਥਾਂ ਦੀ ਪਛਾਣ ਕੀਤੀ ਜੋ ਪਲੂਟੋ ਨਾਲ ਸਮਾਨ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕੁਆਇਪਰ ਬੇਲਟ ਵਿੱਚ ਹਨ। ਇਸ ਖੋਜ ਨੇ ਗ੍ਰਹਿ ਹੋਣ ਦੇ ਮਤਲਬ ਬਾਰੇ ਪ੍ਰਸ਼ਨ ਉਠਾਏ।

ਪਲੂਟੋ ਵਿਲੱਖਣ ਹੈ; ਇਸਦੇ ਪੰਜ ਚੰਦਰਮਾ ਹਨ, ਜਿਨ੍ਹਾਂ ਵਿੱਚੋਂ ਇੱਕ, ਚੈਰਨ, ਲਗਭਗ ਇਸਦੇ ਆਕਾਰ ਦਾ ਅੱਧਾ ਹੈ। ਇਸਦੀ ਸੰਕੁਲ ਵਾਤਾਵਰਨ, ਜੋ ਮੁੱਖ ਤੌਰ 'ਤੇ ਨਾਈਟਰੋਜਨ ਨਾਲ ਬਣਿਆ ਹੈ ਜਿਸ ਵਿੱਚ ਮੀਥੇਨ ਅਤੇ ਕਾਰਬਨ ਮਾਨੋਕਸਾਈਡ ਦੇ ਨਿਸ਼ਾਨ ਹਨ, ਇਸਦੀ ਦਿਲਚਸਪੀ ਨੂੰ ਵਧਾਉਂਦੀ ਹੈ। ਫਿਰ ਵੀ ਇਨ੍ਹਾਂ ਮਨਮੋਹਕ ਵਿਸ਼ੇਸ਼ਤਾਵਾਂ ਦੇ ਬਾਵਜੂਦ ਆਪਣੇ ਚੱਕਰ ਦੇ ਖੇਤਰ ਨੂੰ ਸਾਫ ਕਰਨ ਦੀ ਅਸਮਰਥਾ ਨੇ ਆਖਿਰਕਾਰ ਇਸਦੀ ਡਿਮੋਸ਼ਨ ਦਾ ਕਾਰਨ ਬਣਾਇਆ।

**ਪਲੂਟੋ ਦੀ ਮੁੜ ਵਰਗੀਕਰਨ ਦਾ ਪ੍ਰਭਾਵ**

ਪਲੂਟੋ ਦੀ ਮੁੜ ਵਰਗੀਕਰਨ ਨੇ ਵਿਗਿਆਨਿਕ ਖੋਜ ਅਤੇ ਜਨਤਾ ਦੀ ਸਮਝ 'ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਵਿਗਿਆਨੀ ਲਈ ਇਸਨੇ ਆਕਾਸ਼ੀ ਪਦਾਰਥਾਂ ਅਤੇ ਉਨ੍ਹਾਂ ਦੀਆਂ ਵਰਗੀਕਰਨਾਂ ਦਾ ਮੁੜ ਮੁਲਾਂਕਣ ਕਰਨ ਲਈ ਉਤਸ਼ਾਹਿਤ ਕੀਤਾ ਹੈ। "ਡਵਾਰਫ ਗ੍ਰਹਿ" ਸ਼ਬਦ ਪ੍ਰਸਿੱਧ ਹੋ ਗਿਆ, ਜਿਸ ਨਾਲ ਹੋਰ ਸਮਾਨ ਪਦਾਰਥਾਂ ਦੀ ਪਛਾਣ ਹੋਈ ਜਿਵੇਂ ਕਿ ਏਰੀਸ ਅਤੇ ਹਾਉਮੀਅ।

ਜਨਤਾ ਲਈ ਪਲੂਟੋ ਦੀ ਡਿਮੋਸ਼ਨ ਨੇ ਮਿਲੇ-ਜੁਲੇ ਭਾਵਨਾ ਉਤਪੰਨ ਕੀਤੀ। ਬਹੁਤ ਸਾਰੇ ਲੋਕਾਂ ਨੇ ਪਲੂਟੋ ਨੂੰ ਨੌਵੇਂ ਗ੍ਰਹਿ ਵਜੋਂ ਜਾਣਿਆ ਅਤੇ ਇਸਦੀ ਉਸ ਸੂਚੀ ਤੋਂ ਹਟਾਉਣਾ ਇੱਕ ਜਾਣੇ-ਪਛਾਣੇ ਦੋਸਤ ਨੂੰ ਗੁਆਉਣ ਦੇ ਬਰਾਬਰ ਮਹਿਸੂਸ ਹੋਇਆ। ਇਹ ਵਿਵਾਦ ਖਗੋਲ ਵਿਗਿਆਨ ਅਤੇ ਗ੍ਰਹਿ ਵਿਗਿਆਨ ਵਿੱਚ ਰੁਚੀ ਨੂੰ ਜਾਰੀ ਰੱਖਦਾ ਹੈ, ਨਵੇਂ ਪੀੜ੍ਹੀਆਂ ਨੂੰ ਕੌਸਮੋਸ ਦੀ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ।

**ਸਾਡੇ ਸੂਰਜੀ ਪ੍ਰਣਾਲੀ ਦੀ ਵੱਡੀ ਸਮਝ**

ਪਲੂਟੋ ਦੀ ਮੁੜ ਵਰਗੀਕਰਨ ਇਹ ਯਾਦ ਦਿਵਾਉਂਦੀ ਹੈ ਕਿ ਵਿਗਿਆਨ ਇੱਕ ਵਿਕਾਸਸ਼ੀਲ ਖੇਤਰ ਹੈ। ਜਿਵੇਂ ਜਿਵੇਂ ਸਿਤਾਰਿਆਂ ਅਤੇ ਉਨ੍ਹਾਂ ਦੀਆਂ ਵਰਗੀਕਰਨਾਂ ਦੇ ਅਧਿਐਨ ਵਿੱਚ ਗਹਿਰਾਈ ਆਉਂਦੀ ਹੈ, ਉਵੇਂ ਹੀ ਗ੍ਰਹਿ ਹੋਣ ਦੇ ਪਰਿਭਾਸ਼ਾ ਵਿੱਚ ਵੀ ਵਿਕਾਸ ਹੁੰਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ, ਨਾਸਾ ਦਾ ਨਿਊ ਹੋਰਾਈਜ਼ਨ ਮਿਸ਼ਨ, ਜੋ 2015 ਵਿੱਚ ਪਲੂਟੋ ਦੇ ਕੋਲੋਂ ਉੱਡਿਆ, ਇਸ ਦੂਰ ਦੇ ਸੰਸਾਰ ਅਤੇ ਇਸਦੀ ਸੰਕੁਲ ਪ੍ਰਣਾਲੀ ਬਾਰੇ ਅਮੂਲੀ ਡਾਟਾ ਪ੍ਰਦਾਨ ਕੀਤਾ। ਇਹ ਖੋਜਾਂ ਸਾਡੇ ਸੂਰਜੀ ਪ੍ਰਣਾਲੀ ਅਤੇ ਇਸ ਤੋਂ ਬਾਹਰ ਦੇ ਪ੍ਰਤੀ ਅਚੰਭਾ ਅਤੇ ਰੁਚੀ ਨੂੰ ਜਾਰੀ ਰੱਖਦੀਆਂ ਹਨ।

ਜਦੋਂ ਕਿ ਪਲੂਟੋ ਹੁਣ ਨੌਵੇਂ ਗ੍ਰਹਿ ਦੇ ਦਰਜੇ 'ਤੇ ਨਹੀਂ ਹੈ ਇਹ ਸਾਡੇ ਗ੍ਰਹਿ ਵਿਗਿਆਨ ਦੀ ਸਮਝ ਦਾ ਇੱਕ ਮਹੱਤਵਪੂਰਨ ਹਿੱਸਾ ਰਹਿੰਦਾ ਹੈ ਅਸੀਂ ਜਦੋਂ ਭਵਿੱਖ ਵੱਲ ਵੇਖਦੇ ਹਾਂ, ਅਸੀਂ ਯਾਦ ਰੱਖਦੇ ਹਾਂ ਕਿ ਹਰ ਖੋਜ ਸਾਡੇ ਬ੍ਰਹਿਮੰਡ ਦੀ ਸਮਝ ਲਈ ਨਵੇਂ ਦਰਵਾਜ਼ੇ ਖੋਲ੍ਹਦੀ ਹੈ—ਅਤੇ ਕਈ ਵਾਰੀ ਉਤਸ਼ਾਹਕ ਨਵੀਆਂ ਸੰਭਾਵਨਾਵਾਂ ਵੱਲ ਲੈ ਜਾਂਦੀ ਹੈ।

ਪਲੂਟੋ ਨੂੰ ਗ੍ਰਹਿਾਂ ਦੀ ਸੂਚੀ ਤੋਂ ਹਟਾਉਣਾ ਵਿਗਿਆਨੀ ਵਰਗੀਕਰਨ ਅਤੇ ਸਮਝ ਦੀ ਗਤੀਸ਼ੀਲ ਪ੍ਰਾਕਿਰਤੀ ਨੂੰ ਹਾਈਲਾਈਟ ਕਰਦਾ ਹੈ। ਅਸੀਂ ਜਦੋਂ ਅਕਾਸ਼ ਦੀ ਵਿਸ਼ਾਲਤਾ ਦਾ ਅਧਿਐਨ ਕਰਦੇ ਹਾਂ ਉਸ ਵਕਤ ਇਹ ਯਕੀਨੀ ਹੈ ਕਿ ਅਸੀਂ ਕਿਸੇ ਵੀ ਸਮੇਂ ਨਵੇਂ ਖੋਜਾਂ ਦਾ ਸਾਹਮਣਾ ਕਰਾਂਗੇ। ਸ਼ਾਇਦ ਇੱਕ ਦਿਨ ਪਲੂਟੋ ਸਾਡੇ ਦਿਲਾਂ ਵਿੱਚ ਆਪਣਾ ਦਰਜਾ ਮੁੜ ਪ੍ਰਾਪਤ ਕਰ ਸਕਦਾ ਹੈ, ਭਾਵੇਂ ਇਹ ਅਕਾਦਮਿਕ ਪਾਠਕ੍ਰਮਾਂ ਵਿੱਚ ਉਹ ਦਰਜਾ ਨਾ ਪ੍ਰਾਪਤ ਕਰੇ।

**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅਮ੍ਰਿਤਸਰ ਸਾਹਿਬ।**

# ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਣਕੇ ਦੀ 12ਵੀਂ ਦੇ ਨਤੀਜੇ ਰਹੇ ਸ਼ਾਨਦਾਰ



**ਚੌਕ ਮਹਿਤਾ,14ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੀ.ਬੀ.ਐੱਸ.ਸੀ.ਬੋਰਡ ਵੱਲੋਂ ਅੱਜ 12ਵੀਂ ਜਮਾਤ ਦੇ ਐਲਾਨੇ ਨਤੀਜੇ ਦੌਰਾਨ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਨਾਨਕ ਗਲੋਬਲ ਅਕੈਡਮੀ ਚੰਨਣਕੇ (ਅੱਡਾ ਨਾਥ ਦੀ ਖੂਹੀ) ਦਾ ਨਤੀਜਾ ਬੇਹੱਦ ਸ਼ਾਨਦਾਰ ਰਿਹਾ ਤੇ ਸਾਇੰਸ-ਕਾਮਰਸ ਗਰੁੱਪ ਦੇ ਸਮੂਹ ਵਿਦਿਆਰਥੀਆਂ ਨੇ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਉਂਦੇ ਹੋਏ ਚੰਗੇ ਨੰਬਰ ਲੈ ਕੇ 12ਵੀਂ ਕਲਾਸ ਪਾਸ ਕੀਤੀ।ਇਸ ਨਤੀਜੇ ਦੌਰਾਨ ਸਾਇੰਸ ਗਰੁੱਪ ਦੀ ਵਿਦਿਆਰਥਣ ਗੁਰਮਨਪ੍ਰੀਤ ਕੌਰ ਨੇ 91.2, ਮੁਸਕਾਨਪ੍ਰੀਤ ਕੌਰ ਨੇ 89.2, ਨਵਕਿਰਨ ਕੌਰ ਨੇ 88.2 ,ਅਨੁਮੀਤ ਕੌਰ ਨੇ 87.8, ਪਰਨੀਤ ਕੌਰ ਨੇ 86.8 ਤੇ ਮਨਪ੍ਰੀਤ ਕੌਰ ਨੇ 86.4 ਫੀਸਦੀ ਅੰਕ ਹਾਸਲ ਕੀਤੇ ,ਜਦਕਿ ਕਾਮਰਸ ਗਰੁੱਪ ਤੋਂ ਅੰਮ੍ਰਿਤਪਾਲ ਕੌਰ ਨੇ 93.4,ਅਰਮਾਨਦੀਪ ਸਿੰਘ ਨੇ 92 ,ਸੁਖਨਪ੍ਰੀਤ ਸਿੰਘ ਨੇ 90 ,ਕੇਤਨਬੀਰ ਸਿੰਘ ਨੇ 87.4 ਤੇ ਸੁਖਮਨਪ੍ਰੀਤ ਸਿੰਘ ਨੇ 86 ਫੀਸਦੀ ਅੰਕ ਲੈਣ 'ਚ ਸਫਲਤਾ ਹਾਸਲ ਕੀਤੀ। ਕੁਲ ਮਿਲਾ ਕੇ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕੁਲਜੀਤ ਸਿੰਘ ਬਾਠ ਨੇ ਚੰਗੇ ਨਤੀਜੇ ਆਉਣ 'ਤੇ ਆਪਣੀ ਖੁਸ਼ੀ ਜ਼ਾਹਿਰ ਕੀਤੀ ਤੇ ਸਮੂਹ ਵਿਦਿਆਰਥੀਆਂ ਵੱਲੋਂ ਕੀਤੀ ਗਈ ਸਖਤ ਮਿਹਨਤ ਦੀ ਸ਼ਲਾਘਾ ਕਰਦੇ ਹੋਏ ਭਵਿੱਖ 'ਚ ਹੋਰ ਵੱਡੀ ਕਾਮਯਾਬੀ ਲਈ ਉਨ੍ਹਾਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਡਾਇਰੈਕਟਰ ਸ੍ਰੀਮਤੀ ਕੁਲਵੰਤ ਕੌਰ,ਪ੍ਰਿੰ. ਮੈਡਮ ਰਿਤੂ ਖਨੇਜਾ ਤੇ ਮੁੱਖ ਪ੍ਰਬੰਧਕ ਮੈਡਮ ਮਨਜੀਤ ਕੌਰ ਨੇ ਵੀ ਇਸ ਸ਼ਾ ਨਦਾਰ ਨਤੀਜਿਆਂ ਲਈ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਖੱਬੇਰਾਜਪੂਤਾਂ ਦੇ ਕਾਂਗਰਸੀ ਪੰਚਾਂ ਨੇ ਆਪ 'ਚ ਸ਼ਾਮਲ ਹੋਣ ਦੀ ਖ਼ਬਰ ਝੁਠਲਾਈ

**ਚੌਕ ਮਹਿਤਾ, 14 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬੀਤੇ ਦਿਨ ਪਿੰਡ ਖੱਬੇਰਾਜਪੂਤਾਂ ਤੋਂ ਕਾਂਗਰਸ ਪਾਰਟੀ ਨਾਲ ਸਬੰਧਤ 2 ਮੌਜੂਦਾ ਪੰਚਾਇਤ ਮੈਂਬਰਾਂ ਵੱਲੋ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਜਾਣ ਦੀ ਖਬਰ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਅੱਜ ਇਥੇ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਉਕਤ ਦੋਵਾਂ ਮੌਜੂਦਾ ਪੰਚਾਇਤ ਮੈਬਰਾਂ ਜਸਵੰਤ ਸਿੰਘ ਅਤੇ ਸੰਦੀਪ ਕੌਰ ਨੇ ਕਾਂਗਰਸ ਛੱਡਣ ਅਤੇ 'ਆਪ' ਵਿਚ ਸ਼ਾਮਲ ਹੋਣ ਦੀ ਖ਼ਬਰ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨਾਂ ਨੇ ਆਖਿਆ ਕਿ ਉਹ ਕਾਂਗਰਸ ਪਾਰਟੀ ਦੇ ਵਫਾਦਾਰ ਸਿਪਾਹੀ ਹਨ ਅਤੇ ਹਮੇਸ਼ਾਂ ਕਾਂਗਰਸ ਪਾਰਟੀ ਦੇ ਨਾਲ ਚੱਟਾਨ ਵਾਂਗ ਖੜੇ ਰਹਿਣਗੇ। ਉਨਾਂ ਕਿਹਾ ਕਿ ਬੀਤੇ ਕੱਲ ਸਾਨੂੰ ਪਿੰਡ ਦੇ ਵਿਕਾਸ ਸਬੰਧੀ ਇੱਕ ਮੀਟਿੰਗ ਦੱਸ ਕੇ ਬੁਲਾਇਆ ਗਿਆ ਸੀ, ਜਿੱਥੇ ਮੌਜੂਦ 'ਆਪ ' ਆਗੂਆਂ ਨੇ ਪਹਿਲਾ ਤੋਂ ਉਲੀਕੇ ਪ੍ਰੋਗਰਾਮ ਮੁਤਾਬਿਕ ਧੋਖੇ ਨਾਲ ਸਾਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ। ਕਾਂਗਰਸ ਪਾਰਟੀ ਦੇ ਉਕਤ ਦੋਵਾਂ ਪੰਚਾਇਤ ਮੈਬਰਾਂ ਜਸਵੰਤ ਸਿੰਘ ਅਤੇ ਸੰਦੀਪ ਕੌਰ ਨੇ ਆਖਿਆ ਕਿ ਅਸੀਂ ਇਸ ਮਾਮਲੇ ਬਾਰੇ ਲੋਕਾਂ ਨੂੰ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਆਮ ਆਦਮੀ ਪਾਰਟੀ ਨਾਲ ਸਾਡਾ ਕੋਈ ਵਾਹ ਵਾਸਤਾ ਨਹੀਂ ਹੈ। ਅਸੀਂ ਕਾਂਗਰਸ ਪਾਰਟੀ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ, ਅਤੇ ਕਾਂਗਰਸ ਦੀ ਚੜਦੀ ਕਲਾ ਲਈ ਕੰਮ ਕਰਦੇ ਰਹਾਂਗੇ।



ਆਵਾਜ਼ਿ ਕੌਮ AWAZE QAUM International Newspaper & WEB TV

# ਚੇਅਰਮੈਨ ਘੁੱਲੀ ਨੇ ਬਟੂਹਾ ਵਿਖੇ 1 ਕਰੋੜ 85 ਲੱਖ ਦੀ ਲਾਗਤ ਨਾਲ ਬਣੀ ਸੜਕ ਦਾ ਉਦਘਾਟਨ



**ਸੇਰਪੁਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨਿਰਦੇਸ਼ਾਂ ਤਹਿਤ ਹਲਕੇ ਵਿੱਚ ਪੈਂਦੇ ਪਿੰਡ ਬਟੂਹਾ ਵਿਖੇ ਨਵੀਂ ਬਣ ਰਹੀ ਸੜਕ ਬਟੂਹਾ ਤੋਂ ਬਾਲੀਆਂ ਲੱਗਭਗ 4.5 ਕਿਲੋਮੀਟਰ 1 ਕਰੋੜ 85 ਲੱਖ 31 ਹਜ਼ਾਰ ਦੀ ਲਾਗਤ ਨਾਲ ਸੜਕ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਧੂਰੀ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਦੇ ਬਹੁਪੱਖੀ ਵਿਕਾਸ ਲਈ ਹਰ ਵਕਤ ਯਤਨਸ਼ੀਲ ਰਹਿੰਦੇ ਹਨ।ਪੰਜਾਬ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ ਜਿਸ ਦਾ ਪ੍ਰਮਾਣ ਅਸੀਂ ਪਿਛਲੇ ਦਿਨੀਂ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਦੇ ਰੂਪ ਵਿੱਚ ਦੇਖ ਸਕਦੇ ਹਾਂ। ਇਸ ਮੌਕੇ ਡਾ ਅਨਵਰ ਭਸੌੜ ਮੈਂਬਰ ਵਕਫ਼ ਬੋਰਡ ਪੰਜਾਬ, ਸੁਰਿੰਦਰਪਾਲ ਸਰਮਾ ਚੇਅਰਮੈਨ ਇਪਰੂਵਮੈਂਟ ਟਰਸਟ ਨਾਭਾ, ਭਿੰਦਾ ਵਿਰਕ, ਹਰਪ੍ਰੀਤ ਸਿੰਘ, ਐਕਸ਼ਨ ਪੁਨੀਤ ਸ਼ਰਮਾ, SDO ਜਤਿਨ ਸਿੰਗਲਾ, JE ਜਗਵੀਰ ਸਿੰਘ, ਸਰਪੰਚ ਸਿਮਰਨਜੀਤ ਸਿੰਘ ਕਾਲਾ, ਪੰਚਾਇਤ ਮੈਂਬਰ ਹਰਜਿੰਦਰ ਸਿੰਘ, ਰਣਜੀਤ ਸਿੰਘ,ਕਰਮ ਸਿੰਘ, ਰਣਜੀਤ ਸਿੰਘ, ਅਜੈਬ ਸਿੰਘ, ਬਲਵਿੰਦਰ ਸਿੰਘ, ਬਿੱਕਰ ਸਿੰਘ,ਮੋਹਨ ਸਿੰਘ, ਸੁਖਚੈਨ ਸਿੰਘ ਅਤੇ ਨਗਰ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸੀਬੀਐਸਈ ਬੋਰਡ ਪ੍ਰੀਖਿਆ ਚੋਂ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਦੇ

# ਵਿਦਿਆਰਥੀਆਂ ਨੇ ਸ਼ਾਨਦਾਰ ਪੁਜੀਸ਼ਨਾਂ ਹਾਸਲ ਕੀਤੀਆਂ



**ਜੰਡਿਆਲਾ ਗੁਰੂ 14 ਮਈ ( ਕੁਲਵੰਤ ਸਿੰਘ ਵਿਰਦੀ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵੱਲੋਂ 2024-25 ਦੇ ਅਕਾਦਮਿਕ ਸਾਲ ਲਈ 10ਵੀਂ ਅਤੇ 12ਵੀਂ ਜਮਾਤ ਦੀ ਸੀਬੀਐਸਈ ਬੋਰਡ ਪ੍ਰੀਖਿਆ ਵਿੱਚੋਂ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਐਲਾਨ ਦੌਰਾਨ ਮਾਣ ਮਹਿਸੂਸ ਕਰਦਿਆਂ ਹੋਇਆਂ ਕਿਹਾ ਕਿ ਜਾਡੇ ਸਕੂਲ ਨੇ ਇੱਕ ਵਾਰ ਫਿਰ ਆਪਣੀ ਉਤਮਤਾ ਦਰਸ਼ਾਉਂਦੇ ਹੋਏ ਮੈਰਿਟ ਪੁਜੀਸ਼ਨਾ ਦੇ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅਤੇ ਇਹ ਨਤੀਜੇ ਸਾਡੇ ਸਮਰਪਿਤ ਅਧਿਆਪਕਾਂ ਅਤੇ ਮਾਪਿਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜਤਾ ਨੂੰ ਦਰਸਾਉਂਦੇ ਹਨ।ਦਸਵੀਂ ਜਮਾਤ ਵਿੱਚ, ਤਾਜਬੀਰ ਸਿੰਘ ਨੇ 94.6% ਅੰਕਾਂ ਨਾਲ ਪਹਿਲਾ ਸਥਾਨ, ਮਨਵੀਰ ਸਿੰਘ ਨੇ 94.04% ਅੰਕਾਂ ਨਾਲ ਦੂਜਾ ਸਥਾਨ, ਅਤੇ ਮਹਿਕਪ੍ਰੀਤ ਸਿੰਘ ਨੇ 92.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਨੇ 100% ਨਤੀਜੇ ਪ੍ਰਾਪਤ ਕੀਤੇ। 139 ਵਿਦਿਆਰਥੀਆਂ ਵਿੱਚੋਂ, 29 ਵਿਦਿਆਰਥੀਆਂ ਨੇ 80% ਤੋਂ ਵੱਧ, 34 ਨੇ 70% ਤੋਂ ਵੱਧ ਅਤੇ 60% ਤੋਂ ਵੱਧ ਅੰਕ ਪ੍ਰਾਪਤ ਕੀਤੇ, 64 ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਵਿੱਚ, ਅਕਾਂਕਸ਼ਾ ਮਹਾਜਨ ਨੇ 94.4% ਨੰਬਰ ਲੈ ਕੇ ਪਹਿਲਾ ਸਥਾਨ, ਰਿਪਨ ਦੀਪ ਕੌਰ ਨੇ 92.8% ਨੰਬਰ ਲੈ ਕੇ ਦੂਜਾ ਸਥਾਨ, ਅਤੇ ਹਰਮੀਨ ਗਿੱਲ, ਰਪਲ ਸਿੰਘ ਨੇ 89.4%, ਅਤੇ ਸਾਂਚੀ ਨੇ 89% ਅੰਕ ਪ੍ਰਾਪਤ ਕੀਤੇ। 122 ਵਿੱਚੋਂ, 112 ਵਿਦਿਆਰਥੀ ਪਹਿਲੇ ਦਰਜੇ ਨਾਲ ਪਾਸ ਹੋਏ ਅਤੇ ਸਾਰਿਆਂ ਨੂੰ ਮਾਣ ਦਿਵਾਇਆ। ਸਾਇੰਸ ਸਟ੍ਰੀਮ ਵਿੱਚ, ਹਰਲੀਨ ਕੌਰ ਨੇ ਕਲਾਸ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਉਸ ਤੋਂ ਬਾਅਦ ਕੁਮਾਰੀ ਸੀਮਾ ਦੂਜੇ ਸਥਾਨ 'ਤੇ ਰਹੀ ਅਤੇ ਰਮਨਦੀਪ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਹਿਊਮੈਨਿਟੀਜ਼ ਵਿੱਚ, ਹਰਸ਼ਦੀਪ ਕੌਰ ਨੇ ਕਲਾਸ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।। ਬਾਰਵੀਂ ਕਲਾਸ ਦੇ ਵਿੱਚ ਫਾਈਨ ਆਰਟ ਦੇ ਵਿੱਚ ਸੱਤ ਬੱਚਿਆਂ ਨੇ 100 ਵਿੱਚੋਂ 100 ਨੰਬਰ ਹਾਸਲ ਕੀਤੇ ਮੈਰਿਟਾਂ ਹਾਸਲ ਕੀਤੀਆਂ। ਇਸੇ ਤਰ੍ਹਾਂ ਮਿਊਜਿਕ ਵਿੱਚੋਂ ਵੀ ਅੱਠ ਬੱਚਿਆਂ ਨੇ 100 ਵਿੱਚੋਂ 100 ਨੰਬਰ ਲੈਕੇ ਸ਼ਾਨਦਾਰ ਮੈਰਿਟਾਂ ਹਾਸਿਲ ਕੀਤੀਆਂ। ਇਸੇ ਤਰ੍ਹਾਂ ਫਿਜੀਕਲ ਐਜੂਕੇਸ਼ਨ ਵਿੱਚ ਵੀ 15 ਬੱਚਿਆਂ ਨੇ ਸ਼ਾਨਦਾਰ ਮੈਰਿਟਾਂ ਹਾਸਲ ਕੀਤੀਆਂ।

### ਨਤੀਜਿਆਂ ਨੇ ਅਧਿਆਪਕਾਂ ਬੱਚਿਆਂ ਤੇ ਮਾਪਿਆਂ ਦੀ ਸਖਤ ਮਿਹਨਤ ਅਨੁਸ਼ਾਸਨ ਦ੍ਰਿੜਤਾ ਨੂੰ ਦਰਸਾਇਆ : ਡਾ. ਕਿਸ਼ਨਪੁਰੀ

ਇਹਨਾ ਹੋਣਹਾਰ ਵਿਦਿਆਰਥੀਆਂ ਦਾ ਸਵੇਰ ਦੀ ਸਭਾ ਵਿੱਚ ਉਨ੍ਹਾਂ ਦੇ ਮਾਪਿਆਂ ਨਾਲ ਸਵਾਗਤ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਜੀਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਦੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਸ਼ਾਨਦਾਰ ਨਤੀਜੇ ਦੇਖ ਕੇ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ। ਉਨ੍ਹਾਂ ਨੇ ਉੱਥੇ ਮੌਜੂਦ ਸਾਰੇ ਮਾਪਿਆਂ ਅਤੇ ਫੈਕਲਟੀ ਨਾਲ ਆਪਣੀ ਖੁਸ਼ੀ ਸਾਂਝੀ ਕੀਤੀ। ਇਸ ਤਰ੍ਹਾਂ SSEC ਜੰਡਿਆਲਾ ਗੁਰੂ ਨੇ ਇਸ ਸਾਲ ਵੀ ਸਫਲਤਾ ਦੀ ਲੜੀ ਨੂੰ ਅੱਗੇ ਵਧਾਇਆ। ਇਸ ਖੁਸ਼ੀ ਦੇ ਮੌਕੇ ਤੇ ਬੱਚਿਆਂ ਅਤੇ ਉਨਾਂ ਦੇ ਮਾਪਿਆਂ ਅਤੇ ਸਟਾਫ ਲਈ ਸ਼ਾਨਦਾਰ ਚਾਹ ਪਾਰਟੀ ਦਾ ਆਯੋਜਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਕੁੱਲਗੜ੍ਹੀ ਦੇ

# ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ ਨੇ ਮਾਰੀਆਂ ਮੱਲਾਂ



**ਫਿਰੋਜ਼ਪੁਰ 14 ਮਈ (ਮਨੋਹਰ ਲਾਲ)**: ਸੀ.ਬੀ.ਐਸ.ਈ ਬੋਰਡ ਵੱਲੋਂ ਮਾਰਚ 2025 ਵਿੱਚ ਲਈਆਂ ਗਈਆਂ ਦਸਵੀਂ ਅਤੇ ਬਾਰਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਐਲਾਨੇ ਗਏ ਨਤੀਜਿਆਂ ਵਿੱਚ ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਕੁੱਲਗੜ੍ਹੀ ਦੇ ਵਿਦਿਆਰਥੀ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਬਹੁਤ ਚੰਗਾ ਪ੍ਰਦਰਸ਼ਨ ਕੀਤਾ। ਸੀ.ਬੀ. ਐਸ.ਈ ਦੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਸਕੂਲ ਦੀ ਵਿਦਿਆਰਥਨ ਸਹਿਨਾਜਪ੍ਰੀਤ ਕੌਰ ਨੇ 96 ਫੀਸਦੀ ਅੰਕ ਲੈ ਕੇ ਪਹਿਲੇ ਸਥਾਨ ਤੇ ਰਹੀ ਦੂਜੇ ਸਥਾਨ ਤੇ ਅਰਪਨਪ੍ਰੀਤ ਕੌਰ 93 ਫੀਸਦੀ ,ਪ੍ਰਭਜੋਤ ਕੌਰ 90 ਫੀਸਦੀ ਅਤੇ ਹਰਨੂਰ ਕੌਰ ਨੇ ਵੀ 90 ਫੀਸਦੀ ਅੰਕ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਸਕੂਲ ਦੇ 34 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਸੀ। ਇਸ ਤਰਾਂ ਸਕੂਲ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਨੇ ਵੀ ਚੰਗੇ ਨੰਬਰ ਲੈ ਕੇ ਇਹ ਪ੍ਰੀਖਿਆ ਪਾਸ ਕੀਤੀ ਜਿਸ ਵਿਚ ਨਾਨ ਮੈਡੀਕਲ ਦੀ ਵਿਦਿਆਰਥਣ ਹਰਮੀਤ ਕੌਰ ਨੇ 93.2 ਫੀਸਦੀ ਅੰਕ ਲਏ, ਮਨਪ੍ਰੀਤ ਕੌਰ ਨੇ 89.8ਫੀਸਦੀ ਅੰਕ ਲਏ, ਦੀਪਾਂਸ਼ੂ ਨੇ 84.4ਅੰਕ ਲਏ ਅਤੇ ਹਰਪ੍ਰੀਤ ਕੌਰ ਨੇ 79.4 ਫੀਸਦੀ ਅੰਕ ਲੈ ਕੇ ਇਹ ਪ੍ਰੀਖਿਆ ਪਾਸ ਕੀਤੀ। ਇਥੇ ਇਹ ਦੱਸਿਆ ਜਾਂਦਾ ਹੈ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਸਕੂਲ ਦਾ ਨਤੀਜਾ ਦਸਵੀਂ ਅਤੇ ਬਾਰਵੀਂ ਦਾ 100 ਫੀਸਦੀ ਰਿਹਾ ਹੈ। ਅੱਜ ਸਕੂਲ ਵਿੱਚ ਚੰਗੇ ਨੰਬਰ ਲੈ ਕੇ ਆਏ ਹੋਏ ਵਿਦਿਆਰਥੀਆਂ ਦਾ ਸਕੂਲ ਦੇ ਚੇਅਰਮੈਨ ਸ. ਕੰਵਰਜੀਤ ਸਿੰਘ ਸੰਧੂ, ਡਾਇਰੈਕਟਰ ਸ. ਪਰਵਿੰਦਰ ਸਿੰਘ ਸੰਧੂ, ਵਾਈਸ ਚੇਅਰਮੈਨ ਸ. ਸ਼ਰਨਪ੍ਰੀਤ ਸਿੰਘ ਸੰਧੂ, ਅਤੇ ਜਨਰਲ ਸਕੱਤਰ ਸ. ਸਨੇਹਪ੍ਰੀਤ ਸਿੰਘ ਸੰਧੂ ਨੇ ਸਵਾਗਤ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਬਾਸ ਸਿੰਘ ਅਤੇ ਪ੍ਰਿੰਸੀਪਲ ਰੀਤੂ ਚੋਪੜਾ ਨੇ ਵਿਦਿਆਰਥੀਆਂ ਨੂੰ ਹੋਰ ਵੀ ਜਿਆਦਾ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਚੰਗੇ ਨਤੀਜੇ ਲਈ ਸਕੂਲ ਦੇ ਬਾਕੀ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਦਾਤਾ ਬੰਦੀ ਛੋੜ ਪਬਲਿਕ ਸਕੂਲ ਦੀ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਫ਼ਲਤਾਪੂਰਵਕ




**ਚੌਕ ਮਹਿਤਾ, 14 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਦਾਤਾ ਬੰਦੀ ਛੋੜ ਪਬਲਿਕ ਸਕੂਲ (ਅੰਮ੍ਰਿਤਸਰ) ਦੀ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਸੋ ਫ਼ੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ ਨੇ ਦੱਸਿਆ ਵਿਦਿਆਰਥਣ ਅਕਾਸ਼ਲੀਨ ਕੌਰ ਨੇ ਦਸਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਹਮਰੀਤ ਕੌਰ ਤੇ ਅਰਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਵਿਦਿਆਰਥਣ ਅੰਸ਼ਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਸ਼ਵੀਰ ਸਿੰਘ ਅਤੇ ਗੁਰਨੂਰ ਸਿੰਘ ਨੇ ਚੌਥਾ ਸਥਾਨ ਹਾਸਿਲ ਕੀਤਾ।ਹਰਨੀਤ ਕੌਰ ਨੇ ਪੰਜਵਾ ਸਥਾਨ ਹਾਸਿਲ ਕੀਤਾ। ਇਸ ਖੁਸ਼ੀ ਦੇ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਆਰਤੀ ਸੂਦ ਜੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਮੈਡਮ ਜੀ ਨੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ। ਸਕੂਲ ਦਾ ਸ਼ਾਨਦਾਰ ਨਤੀਜਾ ਵੇਖਦੇ ਹੋਏ ਮੈਨੇਜਿੰਗ ਡਾਇਰੈਕਟਰ ਭਾਈ ਅਮਨਦੀਪ ਸਿੰਘ ਜੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ।ਉਹਨਾਂ ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ ,ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਰਾਮਦਾਸ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਰੋਜ਼ਪੁਰ, 14 ਮਈ (ਮਨੋਹਰ ਲਾਲ)**-ਸਿੱਖਿਆ ਦੇ ਖੇਤਰ 'ਚ ਮੱਲਾਂ ਮਾਰਨ ਵਾਲੇ ਗੁਰੂ ਰਾਮਦਾਸ ਪਬਲਿਕ ਸਕੂਲ ਸ਼ਾਹਦੀਨ ਵਾਲਾ ਦਾ ਦਸਵੀਂ ਅਤੇ ਬਾਰ੍ਹਵੀਂ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ। ਸੀਬੀਐੱਸਈ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਾਲਸ ਦੇ ਨਤੀਜੇ 'ਚ ਸਮੂਹ ਬੱਚੇ ਸ਼ਾਨਦਾਰ ਅੰਕ ਲੈ ਕੇ ਪਾਸ ਹੋਏ, ਜਿਨ੍ਹਾਂ ਨੂੰ ਗੁਰਦੁਆਰਾ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਦੇ ਮੁੱਖ ਸੇਵਾਦਾਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਗਤ ਮਿਲਖਾ ਸਿੰਘ ਨੇ ਵਧਾਈ ਦਿੰਦੇ ਹੋਏ ਇਸ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ, ਪ੍ਰੰਬਧਕ ਕਮੇਟੀ, ਹੋਣਹਾਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿੱਤਾ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਸਕੂਲ ਦੇ ਮੈਨੇਜਰ ਇੰਦਰਪਾਲ ਸਿੰਘ ਨੇ ਦੱਸਿਆ ਕਿ ਸਕੂਲ ਦੇ ਬਾਰ੍ਹਵੀਂ ਕਲਾਸ ਦੇ 137 ਬੱਚਿਆਂ ਵਿਚੋਂ ਸਾਰੇ ਬੱਚਿਆਂ ਨੇ ਵਧੀਆ ਨੰਬਰ ਹਾਸਲ ਕੀਤੇ, ਜਿਨ੍ਹਾਂ 'ਚ ਨਵਜੋਤ ਕੌਰ 95.2 ਪ੍ਰਤੀਸ਼ਤ, ਤਨਵੀਰ ਕੌਰ 92.8 ਪ੍ਰਤੀਸ਼ਤ, ਗੁਰਭੇਜ ਸਿੰਘ 92.8 ਪ੍ਰਤੀਸ਼ਤ, ਜਰਮਨ ਸਿੰਘ 92.6 ਪ੍ਰਤੀਸ਼ਤ, ਸ਼ੁਭਕਰਨ ਕੌਰ 91.2 ਪ੍ਰਤੀਸ਼ਤ, ਹਰਲੀਨ ਕੌਰ 90 ਪ੍ਰਤੀਸ਼ਤ, ਸਿਮਨਰਜੀਤ ਕੌਰ 89.6 ਪ੍ਰਤੀਸ਼ਤ, ਅਨੁਦੀਪ ਕੌਰ 88.8 ਪ੍ਰਤੀਸ਼ਤ, ਜਸ਼ਨਦੀਪ ਕੌਰ 88.4 ਪ੍ਰਤੀਸ਼ਤ, ਡਿਮਪਲ ਕੰਬੋਜ਼ 87.6 ਪ੍ਰਤੀਸ਼ਤ, ਸਹਿਜਪ੍ਰੀਤ ਕੌਰ 87.6 ਪ੍ਰਤੀਸ਼ਤ, ਮੁਸਕਾਨਪ੍ਰੀਤ ਕੌਰ 87.2 ਪ੍ਰਤੀਸ਼ਤ, ਨਵਜੋਤ ਕੌਰ 87.2 ਪ੍ਰਤੀਸ਼ਤ. ਅਰਪਨਦੀਪ ਕੌਰ 85 ਪ੍ਰਤੀਸ਼ਤ ਅਤੇ ਅਨੁਮੀਤ ਕੌਰ ਨੇ 84.8 ਪ੍ਰਤੀਸ਼ਤ ਅੰਕ ਹਾਸਲ ਕੀਤੇ। ਇਸੇ ਤਰ੍ਹਾਂ ਦੱਸਵੀਂ ਕਲਾਸ ਦੇ 152 ਬੱਚਿਆਂ ਵਿਚੋਂ ਸਾਰੇ ਬੱਚਿਆਂ ਨੇ ਵਧੀਆ ਨੰਬਰ ਹਾਸਲ ਕੀਤੇ। ਉਨ੍ਹਾਂ ਕਿਹਾ ਕਿ ਨਵਜੋਤ ਕੌਰ 95 ਪ੍ਰਤੀਸ਼ਤ, ਰਮਨਦੀਪ ਕੌਰ 93.8 ਪ੍ਰਤੀਸ਼ਤ, ਪਲਕਪ੍ਰੀਤ ਕੌਰ 91.2 ਪ੍ਰਤੀਸ਼ਤ, ਸਰੂਪ ਸਿੰਘ ਬਾਵਾ 90.2 ਪ੍ਰਤੀਸ਼ਤ, ਰੁਬਨਪ੍ਰੀਤ ਕੌਰ 89.6 ਪ੍ਰਤੀਸ਼ਤ, ਜਸਕਰਨਪ੍ਰੀਤ ਕੌਰ 89.4 ਪ੍ਰਤੀਸ਼ਤ, ਜਪਨੀਤ ਕੌਰ 89 ਪ੍ਰਤੀਸ਼ਤ, ਅਰਪਨਪ੍ਰੀਤ ਕੌਰ 88 ਪ੍ਰਤੀਸ਼ਤ, ਨਵਜੋਤ ਕੌਰ 87.6 ਪ੍ਰਤੀਸ਼ਤ, ਜਸਮੀਤ ਕੌਰ 87.4 ਪ੍ਰਤੀਸ਼ਤ, ਜਸਮੀਤ ਕੌਰ 87.2 ਪ੍ਰਤੀਸ਼ਤ, ਅਗੀਸ਼ਤਾ 85.6 ਪ੍ਰਤੀਸ਼ਤ, ਮਨਬੀਰ ਕੌਰ 85.4 ਪ੍ਰਤੀਸ਼ਤ, ਪਵਨਦੀਪ ਕੌਰ 84.8 ਪ੍ਰਤੀਸ਼ਤ, ਸੁਖਮਨਪ੍ਰੀਤ ਕੌਰ 84.8 ਪ੍ਰਤੀਸ਼ਤ ਅਤੇ ਰਵਨੀਤ ਕੌਰ ਨੇ 83.2 ਪ੍ਰਤੀਸ਼ਤ ਅੰਕ ਹਾਸਲ ਕੀਤੇ। ਇਸੇ ਤਰ੍ਹਾਂ ਨਵਦੀਪ ਕੌਰ, ਰਮਨੀਤ ਕੌਰ, ਪਵਨਪ੍ਰੀਤ ਕੌਰ, ਹਰਮਨਦੀਪ ਕੌਰ, ਨਵਜੋਤ ਕੌਰ, ਪਲਕਪ੍ਰੀਤ ਕੌਰ, ਰੁਬਨਪ੍ਰੀਤ ਕੌਰ, ਜਪਨੀਤ ਕੌਰ, ਅਰਪਨਪ੍ਰੀਤ ਕੌਰ, ਮਨਬੀਰ ਕੌਰ, ਹਰਸਿਮਰਤ ਕੌਰ, ਕੋਮਲਪ੍ਰੀਤ ਕੌਰ ਨੇ ਪੰਜਾਬੀ ਵਿਸ਼ੇ ਵਿਚੋਂ 100 ਫੀਸਦੀ ਅੰਕ ਹਾਸਲ ਕੀਤੇ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪਲ ਖੁਸ਼ਵੰਤ ਸਿੰਘ, ਵਾਈਸ ਪ੍ਰਿੰਸੀਪਲ ਊਸ਼ਾ ਸ਼ਰਮਾ, ਕੋਮਲ ਤੇ ਸਮੂਹ ਸਟਾਫ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਫਿਰੋਜ਼ਪੁਰ ਵਿੱਚ ਚੱਲ ਰਹੀਆਂ ਗੈਰ-ਕਾਨੂੰਨੀ ਸ਼ਰਾਬ ਦੀਆਂ ਸ਼ਾਖਾਵਾਂ ਨੂੰ ਤੁਰੰਤ ਬੰਦ ਕਰੇ ਆਬਕਾਰੀ ਵਿਭਾਗ : ਮਿੰਕੂ ਚੌਧਰੀ

ਫਿਰੋਜ਼ਪੁਰ 14 ਮਈ (ਮਨੋਹਰ ਲਾਲ): ਅੰਮ੍ਰਿਤਸਰ ਦੇ ਮਜੀਠਾ ਹਲਕੇ ਵਿੱਚ ਨਕਲੀ ਸ਼ਰਾਬ ਪੀਣ ਕਾਰਨ ਆਮ ਲੋਕਾਂ ਦੀਆਂ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟ ਕਰਦਿਆਂ ਸ਼ਿਵ ਸੈਨਾ ਪਾਰਟੀ ਦੇ ਪੰਜਾਬ ਉਪ ਪ੍ਰਧਾਨ ਸ੍ਰੀ ਮਿੰਕੂ ਚੌਧਰੀ ਨੇ ਕਿਹਾ ਕਿ ਪੰਜਾਬ ਵਿੱਚ ਰਾਜਨੀਤਿਕ ਆਗੂਆਂ ਅਤੇ ਸੀਨੀਅਰ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪੂਰੇ ਪੰਜਾਬ ਵਿੱਚ ਨਕਲੀ ਸ਼ਰਾਬ ਦਾ ਕਾਰੋਬਾਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਮੌਕੇ ਮਿੰਕੂ ਚੌਧਰੀ ਨੇ ਕਿਹਾ ਕਿ ਸ਼ਰਾਬ ਮਾਫੀਆ ਨੇ ਆਬਕਾਰੀ ਵਿਭਾਗ ਫਿਰੋਜ਼ਪੁਰ ਨਾਲ ਮਿਲ ਕੇ ਫਿਰੋਜ਼ਪੁਰ ਵਿੱਚ 100 ਦੇ ਕਰੀਬ ਗੈਰ-ਕਾਨੂੰਨੀ ਸ਼ਰਾਬ ਦੀਆਂ ਸ਼ਾਖਾਵਾਂ ਖੋਲ੍ਹੀਆਂ ਹਨ, ਜਿਸ ਕਾਰਨ ਪੰਜਾਬ ਸਰਕਾਰ ਨਾਲ ਕਰੋੜਾਂ ਰੁਪਏ ਦੀ ਠੱਗੀ ਹੋ ਰਹੀ ਹੈ, ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਗੈਰ-ਕਾਨੂੰਨੀ ਸ਼ਰਾਬ ਸ਼ਾਖਾਵਾਂ ਨੂੰ ਬੰਦ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ। ਇਸ ਮੌਕੇ ਮਿੰਕੂ ਚੌਧਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਗੈਰ-ਕਾਨੂੰਨੀ ਸ਼ਰਾਬ ਬ੍ਰਾਂਚਾਂ ਨੂੰ ਬੰਦ ਨਾ ਕੀਤਾ ਗਿਆ ਤਾਂ ਸ਼ਿਵ ਸੈਨਾ ਸੜਕਾਂ 'ਤੇ ਉਤਰ ਕੇ ਆਬਕਾਰੀ ਵਿਭਾਗ ਅਤੇ ਸ਼ਰਾਬ ਮਾਫੀਆ ਵਿਰੁੱਧ ਪ੍ਰਦਰਸ਼ਨ ਕਰੇਗੀ।



### ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਮਦਮੀ ਟਕਸਾਲ ਵੱਲੋਂ

# 1984 ਵਿੱਚ ਹੋਏ ਸ਼ਹੀਦਾਂ ਦੀ ਯਾਦ ਪਿੰਡ ਸਿਆਲਕਾ ਵਿਖੇ ਦੀਵਾਨ ਸਜਾਇਆ







**ਚੌਕ ਮਹਿਤਾ, 14ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਚੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਜਿਸ ਦੇ ਚਲਦਿਆਂ ਅੱਜ ਪਿੰਡ ਸਿਆਲਕਾ ਵਿਖੇ ਸ਼ਾਮ ਵੇਲੇ ਦਾ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਦਮਦਮੀ ਟਕਸਾਲ ਦੇ ਹਜੂਰੀ ਰਾਗੀ ਭਾਈ ਗੁਰਲਾਲ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ।ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਉਪਰੰਤ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਇਤਹਾਸ ਦਾ ਪਵਿੱਤਰ ਪਾਵਨ ਗ੍ਰੰਥ ਸੂਰਜ ਪਰਕਾਸ਼ ਵਿੱਚੋਂ ਸੰਗਤਾਂ ਨੂੰ ਸਰਵਨ ਕਰਾਇਆ। ਪੋਥੀ ਸਾਹਿਬ ਜੀ ਦਾ ਜਾਪੁ ਭਾਈ ਸਤਨਾਮ ਸਿੰਘ ਖਾਲਸਾ ਨੇ ਕੀਤਾ,ਦੀਵਾਨ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਸਨਮਾਨ ਕੀਤਾ ਗਿਆ।ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛੱਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ।

ਜਿਕਰਯੋਗ ਹੈ ਕਿ ਹਰ ਸਾਲ ਦੀ ਤਰਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦਾ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜਾਨਾ ਵੱਖ ਵੱਖ ਨਗਰਾਂ ਵਿਚ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ। ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਦੌਰਾਨ ਬਹੁਤ ਗਿਣਤੀ ਵਿੱਚ ਸੰਗਤਾਂ ਨੇ ਹਾਜਰੀਆ ਭਰੀਆਂ, ਇਸ ਮੌਕੇ ਤੇ ਸਿਆਲਕਾ ਪਿੰਡ ਦੀ ਪੰਚਾਇਤ, ਗੁਰਦੁਆਰਾ ਸਾਹਿਬ ਦੀ ਪ੍ਰਬੰਦਕ ਕਮੇਟੀ ਦੇ ਪ੍ਰਧਾਨ ਅਤੇ ਸਮੂਹ ਮੈਬਰ ਅਤੇ ਸੰਗਤਾਂ ਨੇ ਹਾਜਰੀਆ ਭਰੀਆਂ। ਇਸ ਮੌਕੇ ਤੇ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਜਥੇਦਾਰ ਭਗਵੰਤ ਸਿੰਘ ਸਿਆਲਕਾ, ਹੈਡ ਗਰੰਥੀ ਭਾਈ ਨੀਸਾਨ ਸਿੰਘ, ਬਲਵਿੰਦਰ ਸਿੰਘ ਸਿਆਲਕਾ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਾਲੇ, ਸੰਤ ਬਾਬਾ ਗੁਰਭੇਜ ਸਿੰਘ ਮੁੱਖ ਬੁਲਾਰਾ ਸੰਤ ਸਮਾਜ ਮਾਝਾ, ਸੰਤ ਬਾਬਾ ਲਖਬੀਰ ਸਿੰਘ ਭੰਗਾਲੀ ਸਾਹਿਬ ਵਾਲੇ, ਸੰਤ ਬਾਬਾ ਮਨਮੋਹਨ ਸਿੰਘ ਭੰਗਾਲੀ ਸਾਹਿਬ ਵਾਲੇ,

ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ) ਜਥੇਦਾਰ ਬਾਬਾ ਬੋਹੜ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ, ਪਰੋਫੈਸਰ ਜੋਬਨਜੀਤ ਸਿੰਘ ਦਮਦਮੀ ਟਕਸਾਲ, ਭਾਈ ਭਾਗ ਸਿੰਘ ਦਮਦਮੀ ਟਕਸਾਲ, ਤਰਨਾ ਦੱਲ ਮਹਿਤਾ ਦੇ ਮੁੱਖੀ ਜਥੇਦਾਰ ਅਜੀਤ ਸਿੰਘ, ਹੈਡ ਗਰੰਥੀ ਗਿਆਨੀ ਗੁਰਦੀਪ ਸਿੰਘ ਦਮਦਮੀ ਟਕਸਾਲ,ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਸਰਪੰਚ ਹਰਜਿੰਦਰ ਸਿੰਘ ਜੱਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਜੇਠ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ



**ਫਿਰੋਜ਼ਪੁਰ, 14 ਮਈ (ਮਨੋਹਰ ਲਾਲ)**-ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਜੇਠ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਭੋਗ ਉਪਰੰਤ ਦੀਵਾਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆ ਜਿਨ੍ਹਾਂ ਵਿਚ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਜੋਗਾ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬਾਬੂ ਸਿੰਘ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕਥਾ ਕਰਦਿਆਂ ਆਖਿਆ ਕਿ ਸਾਨੂੰ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ। ਨਾਮ ਸਿਮਰਨ ਕਰਨ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ। ਬਾਬਾ ਜੀ ਨੇ ਕਥਾ ਕਰਦਿਆਂ ਆਖਿਆ ਕਿ ਸਾਨੂੰ ਸਤਿਸੰਗ ਵਿਚ ਆਉਣ ਨਾਲ ਬਹੁਤ ਫਲ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਨ੍ਹਾਂ ਕਥਾ ਕਰਦਿਆਂ ਆਖਿਆ ਕਿ ਇਕ ਮੁਸਾਫਰ ਨੂੰ ਕਿਤੇ ਰਾਤ ਪਈ ਤਾਂ ਉਹ ਨੇ ਕਿਹਾ ਕਿ ਮੈਂ ਘਰ ਜ਼ਰੂਰ ਪਹੁੰਚਣਾ ਹੈ ਅਤੇ ਉਹ ਲੋਕਾਂ ਅੱਗੇ ਮਿੰਨਤਾ ਤਰਲੇ ਕਰਦਾ ਰਿਹਾ ਤਾਂ ਲੋਕਾਂ ਨੇ ਕਿਹਾ ਕਿ ਇਥੇ ਨੇੜੇ ਹੀ ਇਕ ਸਾਧੂ ਦੀ ਕੁਟੀਆ ਹੈ। ਉਨ੍ਹਾਂ ਅੱਗੇ ਫਰਿਆਦ ਕਰੋ ਤਾਂ ਉਹ ਸਾਧੂ ਕੋਲ ਚਲਾ ਗਿਆ, ਸਾਧੂ ਨੇ ਕਿਹਾ ਜਿਥੇ ਅਸੀਂ ਟਿਕੇ ਹਾਂ ਉਥੇ ਤੇ ਵੀ ਚਾਰ ਪਹਿਰ ਕੱਟ ਲਏ, ਪਰ ਉਹ ਨਹੀਂ ਮੰਨਿਆ ਅਤੇ ਕਹਿਣ ਲੱਗਾ ਕਿ ਤੁਸੀਂ ਮੇਰੇ ਨਾਲ ਚੱਲੋ ਮੈਂ ਮਜ਼ਦੂਰੀ ਦੇ ਦੇਵਾਂਗਾ। ਆਖਿਰ ਸਾਧੂਆਂ ਦਾ ਦਿਲ ਨਰਮ ਹੁੰਦਾ ਹੈ, ਉਸ ਸਾਧੂ ਨੇ ਕਿਹਾ ਕਿ ਜਾ ਤੁਸੀਂ ਰੱਬ ਦੇ ਘਰ ਦੀ ਗੱਲ ਸੁਣਾਉ ਜਾਂ ਤਾਂ ਉਹ ਮੁਸਾਫਿਰ ਮੰਨ ਗਿਆ ਅਤੇ ਰਾਹ ਸਾਧੂ ਉਸ ਨੇ ਰੱਬ ਦੇ ਘਰ ਦੀਆਂ ਕਹਾਣੀਆਂ ਸੁਣਾਉਂਦਾ ਰਿਹਾ ਐਤ ਉਸ ਮੁਸਾਫਿਰ ਦਾ ਘਰ ਆ ਗਿਆ ਤਾਂ ਉਸ ਮੁਸਾਫਿਰ ਨੇ ਕਿਹਾ ਕਿ ਕਿੰਨੀ ਮਜ਼ਦੂਰੀ ਦੇਵਾ ਤਾਂ ਉਸ ਸਾਧੂ ਨੇ ਮਜ਼ਦੂਰੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅੱਜ ਤੋਂ 8 ਦਿਨ ਬਾਅਦ ਤੇਰੀ ਮੌਤ ਹੋ ਜਾਣੀ ਹੈ, ਪਰ ਜਦੋਂ ਤੈਨੂੰ ਧਰਮ ਰਾਜ ਪੁੱਛੇ ਕਿ ਪਹਿਲਾ ਨਰਕ ਵਿਚ ਜਾਣਾ ਹੈ ਜਾਂ ਸਵਰਗ ਵਿਚ ਤਾਂ ਉਹ ਮੁਸਾਫਿਰ ਕਹਿਣ ਲੱਗਾ ਮੈਨੂੰ ਚੇਤੇ ਨਹੀਂ ਰਹਿਣਾ ਤਾਂ ਉਸ ਸਾਧੂ ਨੇ ਕਿਹਾ ਕਿ ਚੇਤਾ ਅਸੀਂ ਕਰਵਾ ਦੇਵਾਂਗੇ। ਅੱਜ ਤੋਂ 8 ਦਿਨ ਬਾਅਦ ਅਸੀਂ ਵੀ ਚੇਲਾ ਛੱਡ ਕੇ ਸੱਚ ਖੰਡ ਜਾ ਰਹੇ ਹਾਂ ਤਾਂ ਉਹ ਮੁਸਾਫਿਰ ਤੋਂ ਧਰਮ ਰਾਜ ਨੇ ਪੁੱਛਿਆ ਕਿ ਦਸ ਪਹਿਲਾ ਕਿਥੇ ਜਾਣਾ ਹੈ ਕਿਵੁੰਕਿ ਸਾਰੀ ਉਮਰ ਵਿਚ ਸਤਸੰਗ ਦੋ ਘੜੀਆਂ ਕੀਤੀਆਂ ਹਨ ਤਾਂ ਪਹਿਲਾ ਸੱਚਖੰਡ ਜਾਣਾ ਬੇਨਤੀ ਕੀਤੀ ਅਤੇ ਉਹ ਉਥੇ ਸਾਧੂਆਂ ਦੀ ਪੱਖੇ ਦੀ ਸੇਵਾ ਕਰਦਾ, ਸੱਚਖੰਡ ਵਿਚ ਰਿਹਾ। ਸੋ ਸਾਧ ਸੰਗਤ ਜੀ ਸਾਨੂੰ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜਸਵੀਰ ਸਿੰਘ ਜਸੂ ਨੇ ਸੰਗਤਾਂ ਦੀ ਹੱਥੀ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਰਾਬ ਨਾਲ ਮਰਨ ਵਾਲਿਆਂ ਨੂੰ ਦਸ ਲੱਖ, ਕਿਸਾਨਾ ਨੂੰ ਡਾਂਗਾਂ ਤੇ ਜੇਲ੍ਹਾਂ : ਬੰਡਾਲਾ



**ਫਿਰੋਜ਼ਪੁਰ 14 ਮਈ (ਮਨੋਹਰ ਲਾਲ)**-ਦਮਦਮੀ ਟਕਸਾਲ ਦੇ ਬਜੁਰਗ ਬੁਲਾਰੇ ਗੁਰਨਾਮ ਸਿੰਘ ਬੰਡਾਲਾ ਨੇ ਸਰਕਾਰ ਦਾ ਪੋਲ ਖੋਲਦਿਆ ਇਕ ਬਿਆਨ ਰਾਹੀ ਕਿਹਾ ਸਾਡੀ ਮਜੂਦਾ ਸਰਕਾਰ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਹਮਜੋਲੀਆ ਨਾਲ ਹਮਦਰਦੀ ਕਰਨ ਦੇ ਨਿਆਰੇ ਕਾਰਨਾਮੇ ਹਨ, ਮਜੀਠਾ ਹਲਕਾ ਨਸ਼ੇ ਦਾ ਗੜ ਹੈ ਹਰ ਪਿੰਡ ਵਿਚ ਸਰਾਬ ਤੇ ਚਿੱਟਾ ਸ਼ਰੇਆਮ ਵਿਕਦਾ ਹੈ। ਪਿਛਲੇ ਦਿਨੀ ਵਡਾਲਾ ਵੀਰਮ ਪਿੰਡਾਂ ਦੇ ਲੋਕਾਂ ਨੇ ਸੜਕ ਤੇ ਧਰਨਾ ਲਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

ਡੀ ਐਸ ਪੀ ਤੇ ਐੱਸਐੱਚਓ ਨੂੰ ਨਸ਼ੇ ਵਾਲ ਘਰ ਦਿਖਾਏ ਕੋਈ ਰਤਾ ਜਿਨੀ ਕਾਰਵਾਈ ਨਹੀ ਕੀਤੀ। ਇਕ ਔਰਤ ਚਿੱਟਾ ਸ਼ਰੇਆਮ ਵੇਚਦੀ ਹਜ਼ਾਰਾਂ ਨੌਜਵਾਨਾਂ ਉਸ ਨੇ ਬਰਬਾਦ ਕਰ ਦਿੱਤੇ ਹਨ। ਅਕਾਲੀ ਲੀਡਰ ਮਜੀਠੀਆ ਦਾ ਪੁਲਿਸ ਤੇ ਦਬਦਬਾ ਹੈ ਹੋਣ ਕਰਕੇ ਕੋਈ ਕਾਰਵਾਈ ਨਹੀ, ਜਿਨਾ ਘਰਾਂ ਵਿਚ ਮਜੀਠੀਆ ਤੇ ਮੁਖ ਮੰਤਰੀ ਨੇ ਪਰਿਵਾਰਾਂ ਕੋਲ ਹਮਦਰਦੀ ਦੇ ਵੋਟ ਬੈਂਕ ਲਈ ਅਥਰੂ ਸੁੱਟੇ ਹਨ, ਉਹ ਸ਼ਰਾਬ ਦਾ ਨਸ਼ੇ ਦਾ ਧੰਦਾ ਕਰਦੇ ਹਨ। ਸ਼ਰਾਬ ਨਾਲ ਮਰਨ ਵਾਲਿਆਂ ਨੂ ਮੁੱਖ ਮੰਤਰੀ ਭਗਵੰਤ ਮਾਨ ਹਰੇਕ ਜੀਅ ਨੂੰ ਦਸ ਦਸ ਲਖ ਰੁਪਏ ਦੇਣ ਦਾ ਐਲਾਨ ਕਰਕੇ ਆਏ। ਦੂਸਰੇ ਪਾਸੇ ਭਗਵੰਤ ਮਾਨ ਡੀਗਾਂ ਮਾਰ ਮਾਰ ਕਹਿੰਦਾ ਮੈ ਖੁਦ ਕਿਸਾਨ ਹਾਂ ਮੈਨੂ ਕਿਸਾਨਾਂ ਦੇ ਦੁੱਖ ਬਾਰੇ ਪਤਾ ਹੈ। 700 ਕਿਸਾਨ ਆਪਣੇ ਹੱਕਾਂ ਲਈ ਲੜਦਾ ਸ਼ੰਭੂ ਬਾਰਡਰ ਤੇ ਸ਼ਹੀਦ ਹੋ ਗਿਆ। ਉਨ੍ਹਾਂ ਦੇ ਕਿਸੇ ਪਰਿਵਾਰ ਨੂੰ ਫੁੱਟੀ ਕੌਢੀ ਨਹੀਂ ਦਿੱਤੀ ਸਗੋਂ ਅਮਿਤ ਸ਼ਾਹ ਗ੍ਰਹਿ ਮੰਤਰੀ ਨੂੰ ਖੁਸ਼ ਕਰਨ ਲਈ ਅੱਧੀ ਰਾਤ ਡਾਂਗ ਵਰਾਈ, ਅਨੇਕਾ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ। ਟਰੈਕਟਰ ਟਰਾਲੀਆਂ, ਖਾਣ ਪੀਣ ਦਾ ਸਮਾਨ, ਫਰਿੱਜਾਂ, ਪੱਖੇ ਚੋਰੀ ਕਰ ਲਏ। ਜੰਮੂ ਕਸ਼ਮੀਰ ਪੁੰਛ ਦੇ ਇਲਾਕੇ ਵਿਚ ਗੋਲੀਆਂ ਨਾਲ ਸਿੱਖ ਮਰੇ ਗੁਰਦੁਆਰੇ ਦਾ ਨੁਕਸਾਨ ਹੋਇਆ। ਕਿਸੇ ਲੀਡਰ ਜਾਂ ਮੁੱਖ ਮੰਤਰੀ ਦਾ ਹਮਦਰਦੀ ਦਾ ਬਿਆਨ ਤੱਕ ਨਹੀਂ ਆਇਆ। ਬਾਰਡਰ ਤੇ ਮਰਨ ਵਾਲੇ ਪਰਿਵਾਰਾਂ ਨੂੰ ਇਕ ਪੈਸਾ ਨਹੀ ਦਿੱਤਾ। ਇੰਝ ਜਾਪਦਾ ਸ਼ਰਾਬ ਪੀਣ ਵਾਲਿਆਂ ਨਾਲ ਮਜੀਠੀਆ ਤੇ ਮੁੱਖ ਮੰਤਰੀ ਦਾ ਜ਼ਿਆਦਾ ਪਿਆਰ ਹੈ, ਕੀ ਬਣੇਗਾ ਪੰਜਾਬ ਦਾ ਸੁਖਬੀਰ ਬਾਦਲ ਨੇ ਬਰਗਾੜੀ ਕਾਂਡ ਵਿਚ ਸੰਗਤ ਤੇ ਗੋਲੀ ਤੇ ਗੰਦਾ ਪਾਨੀ ਸਰਸੇ ਵਾਲੇ ਰਾਮ ਰਹੀਮ ਨੂੰ ਪਿੱਤਾ ਜੀ ਕਹਿ ਕੇ ਬਚਾਇਆ, ਕੇਸ ਵਾਪਿਸ ਲਏ ਗੁਰਸਿੱਖਾਂ ਨੂੰ ਗੋਲੀਆਂ ਮਾਰੀਆਂ, ਵੀਹ ਸਿੰਘ ਸ਼ਹੀਦ ਕਰ ਦਿੱਤੇ, ਪੰਜ ਪਿਆਰੇ ਵੀ ਨਹੀਂ ਬਖਸ਼ੇ, ਝੂਠ ਪਾਪ, ਜੁਲਮ ਜੰਗਾਂ ਨੂੰ ਜਨਮ ਦਿੰਦਾ ਹੈ, ਜੰਗ ਪਰਮੇਸਰ ਮਤ ਮਾਰ ਕੇ ਲਾਉਂਦਾ ਹੈ।

## ਖਾਲਸਾ ਗੁਰਮੀਤ ਅਕੈਡਮੀ ਟੋਰੰਟ ਵਿਖੇ ਪਰਉਪਕਾਰੀ ਗੁਰੂ ਪਿਆਰੇ ਸੰਤ ਬਾਬਾ ਹਰਨਾਮ ਸਿੰਘ ਬੇਦੀ ਭਿੰਡਰਾਂ ਵਾਲਿਆਂ ਦੀ ਯਾਦ ਵਿਚ ਗੁਰਮਤਿ ਸਮਾਗਮ 23, 24, 25 ਮਈ ਨੂੰ ਕਰਵਾਏ ਜਾ ਰਹੇ ਹਨ




**ਫਿਰੋਜ਼ਪੁਰ 14 ਮਈ (ਮਨੋਹਰ ਲਾਲ)**-ਖਾਲਸਾ ਗੁਰਮਤਿ ਅਕੈਡਮੀ ਟੋਰੋਂਟੋ ਵਿਖੇ ਪਰਉਪਕਾਰੀ ਗੁਰੂ ਪਿਆਰੇ ਸੰਤ ਬਾਬਾ ਹਰਨਾਮ ਸਿੰਘ ਬੇਦੀ ਭਿੰਡਰਾ ਵਾਲਿਆਂ ਦੀ ਯਾਦ ਵਿਖੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ 23 ਮਈ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ 25 ਮਈ 2025 ਦਿਨ ਐਤਵਾਰ ਸ਼ਾਮ 5 ਵਜੇ ਪਾਏ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤ ਮਹਾਂ ਪੁਰਸ਼ ਪਹੁੰਚ ਕੇ ਹਾਜ਼ਰੀ ਭਰਨਗੇ। ਜਿਨ੍ਹਾਂ ਵਿਚ ਸਿੰਘ ਗਿਆਨੀ ਪ੍ਰਤਾਪ ਸਿੰਘ ਜੀ ਸ੍ਰੀ ਹਜੂਰ ਸਾਹਿਬ ਵਾਲੇ, ਬੀਬੀ ਰਸਲੀਨ ਕੌਰ ਦਮਦਮੀ ਟਕਸਾਲ ਯੂਐੱਸਏ ਵਾਲੇ, ਗਿਆਨੀ ਬਲਦੇਵ ਸਿੰਘ ਜੀ ਦਮਦਮੀ ਟਕਸਾਲ, ਰਾਗੀ ਦੀਪ ਸਿੰਘ ਜੀ, ਰਾਗੀ ਅਮਨ ਜੀਤ ਸਿੰਘ ਜੀ, ਰਾਗੀ ਹਰਦੀਪ ਸਿੰਘ ਜੀ, ਭਾਈ ਜਗਜੀਤ ਸਿੰਘ ਜੀ ਤਬਲਾ ਵਾਦਕ, ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇ ਵਾਲ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰਾਗੀ, ਕਥਾਵਾਚਕ ਸੰਤ ਮਹਾਂਪੁਰਸ਼ ਹਾਜ਼ਰੀ ਭਰਨਗੇ। ਇਹ ਜਾਣਕਾਰੀ ਭਾਈ ਰਣਜੀਤ ਸਿੰਘ ਲੰਗੇਆਣਾ ਦਮਦਮੀ ਟਕਸਾਲ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਤਿੰਨ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਨਰਿੰਜਨ ਸਿੰਘ ਸੱਗੂ ਜਲਾਲਾਬਾਦ ਪੱਛਮੀ ਹਲਕੇ ਤੋਂ ਇੰਚਾਰਜ ਥਾਪਿਆ: ਮਨਜੀਤ ਸਿੰਘ ਔਲਖ ਨਿਰਵੈਰ ਸਿੰਘ ਸਿੰਧੀ




**ਫਿਰੋਜ਼ਪੁਰ 14 ਮਈ (ਮਨੋਹਰ ਲਾਲ):** ਜੱਸਾ ਸਿੰਘ ਰਾਮਗੜ੍ਹੀਆ ਵੈਲ ਸੁਸਾ ਰਜਿ ਪੰਜਾਬ ਭਾਰਤ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੀ ਜੱਥੇਬੰਦੀ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਤੁਰਣ ਵਿਚ ਆਪਣੀ ਵਿਲੱਖਣ ਪਛਾਣ ਬਣਾ ਰਹੀ ਹੈ ਰਾਮਗੜ੍ਹੀਆ ਹਰਿਆਵਲ ਦਸਤੇ ਵੱਜੋਂ ਜਾਣੀ ਜਾਂਦੀ ਜੱਥੇਬੰਦੀ ਨੇ ਆਪਣਾ ਪਰਿਵਾਰਕ ਵਿਸਥਾਰ ਨੂੰ ਵਧਾਉਂਦਿਆਂ ਹੋਇਆ ਜਲਾਲਾਬਾਦ ਪੱਛਮੀ ਹਲਕੇ ਦੇ ਜਰਨੈਲ ਤੇ ਨਿਧੜਕ ਸਮਾਜ ਸੇਵੀ ਆਗੂ ਨਰਿੰਜਨ ਸਿੰਘ ਸੱਗੂ ਨੂੰ ਹਲਕਾ ਪੱਛਮੀ ਦਾ ਸੇਵਾਦਾਰ ਨਿਯੁਕਤ ਕੀਤਾ ਗਿਆ ਹੈ ਉਨ੍ਹਾਂ ਨੂੰ ਸੀਨੀਅਰ ਮੀਤ ਪ੍ਰਧਾਨ ਪੰਜਾਬ ਲਾਇਆ ਗਿਆ ਨਰਿੰਜਨ ਸਿੰਘ ਸੱਗੂ ਨੂੰ ਸੀਨੀਅਰ ਆਗੂਆਂਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ ਨਿਰਵੈਰ ਸਿੰਘ ਸਿੰਧੀ ਵਾਇਸ ਚੇਅਰਮੈਨ ਪੰਜਾਬ ਸ੍ਰ ਜਸਵਿੰਦਰ ਸਿੰਘ ਸੰਧੂ ਵਾਇਸ ਚੇਅਰਮੈਨ ਪੰਜਾਬ ਭਗਵਾਨ ਸਿੰਘ ਦੜਿਆਲਾ ਚੈਅਰਮੈਨ ਪੰਜਾਬ ਸੁਖਵਿੰਦਰ ਸਿੰਘ ਲਾਡੂ ਮੀਤ ਪ੍ਰਧਾਨ ਪੰਜਾਬ ਸ੍ਰ ਅੰਗਰੇਜ਼ ਸਿੰਘ ਫੌਜੀ ਵਾਇਸ ਚੇਅਰਮੈਨ ਪੰਜਾਬ ਨੇ ਸਰੋਪਾ ਪਾਕੇ ਜੱਥੇਬੰਦੀ ਵਿਚ ਸ਼ਾਮਿਲ ਕੀਤਾ ਇਸ ਮੌਕੇ ਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ ਵੱਲੋਂ ਨਰਿੰਜਨ ਸਿੰਘ ਸੱਗੂ ਨੂੰ ਜੱਥੇਬੰਦੀ ਵਿਚ ਜੀ ਆਇਆਂ ਆਖਿਆ ਅਤੇ ਆਸ ਪ੍ਰਗਟਾਈ ਕਿ ਉਹ ਰਾਮਗੜ੍ਹੀਆ ਕੌਮ ਲਈ ਲਗਣ ਨਾਲ ਕੰਮ ਕਰਨਗੇ ਨਵ ਨਿਯੁਕਤ ਆਗੂ ਸ੍ਰ ਨਰਿੰਜਨ ਸਿੰਘ ਸੱਗੂ ਨੇ ਵਿਸ਼ਵਾਸ ਦਿਵਾਇਆ ਕਿ ਮੈਂ ਜੱਥੇਬੰਦੀ ਦੇ ਪ੍ਰਚਾਰ ਵਿਸਥਾਰ ਲਈ ਦਿਨ ਰਾਤ ਇੱਕ ਕਰਾਗਾ ਸਾਰੇ ਭਰਾਵਾਂ ਨੂੰ ਨਾਲ ਲੈ ਕੇ ਚੱਲਾਂਗਾ ਇਸ ਮੌਕੇ ਰਖਦੇਵ ਸਿੰਘ ਸੱਗੂ ਹਰਮੀਤ ਸਿੰਘ ਸਿੱਧੂ ਬਲਵੀਰ ਸਿੰਘ ਜੰਡੂ ਮੇਜਰ ਸਿੰਘ ਜੰਡੂ ਪ੍ਰਕਾਸ਼ ਸਿੰਘ ਸੰਧੂ ਹੈਪੀ ਜੰਡੂ ਜਸਵੰਤ ਸਿੰਘ ਸੱਗੂ ਕੁਲਵੰਤ ਸਿੰਘ ਸਗੂ ਗੁਰਮੇਜ ਸਿੰਘ ਸੱਗੂ ਪਰਮਜੀਤ ਸਿੰਘ ਸੰਧੂ ਰਵਿੰਦਰ ਸਿੰਘ ਸੰਧੂ ਆਦਿ ਆਗੂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਪ੍ਰਭੂਸੱਤਾ ਸੰਪੰਨ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੀ ਪ੍ਰਾਪਤੀ ਤਕ ਸੰਘਰਸ਼ ਜਾਰੀ ਰਹੇਗਾ : ਪੰਥਕ ਆਗੂ**

# ਸ਼ਹੀਦ ਭਾਈ ਮੱਖਣ ਸਿੰਘ ਗੜ੍ਹੁੱਲੀ ਦੀ ਯਾਦ 'ਚ ਕਰਵਾਇਆ ਸਮਾਗਮ



**ਅੰਮ੍ਰਿਤਸਰ, 14 ਮਈ (ਆਵਾਜ਼ਿ ਕੌਮ ਬਿਊਰੋ)**-ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਚੱਲੇ ਹਥਿਆਰਬੰਦ ਸੰਘਰਸ਼ 'ਚ ਜੂਝਣ ਵਾਲੇ ਜੁਝਾਰੂ ਸ਼ਹੀਦ ਭਾਈ ਮੱਖਣ ਸਿੰਘ ਗੜ੍ਹੁੱਲੀ ਦਾ ਸ਼ਹੀਦੀ ਦਿਹਾੜਾ ਉਨ੍ਹਾਂ ਦੇ ਪਰਿਵਾਰ, ਸਮੂਹ ਸਿੱਖ ਜਥੇਬੰਦੀਆਂ ਅਤੇ ਇਲਾਕਾ ਨਿਵਾਸੀਆਂ ਵਲੋਂ ਪਿੰਡ ਗਗਨੌਲੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ। ਜਿਸ ਵਿਚ ਵੱਖੋ-ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ ਜੁਝਾਰੂ-ਜਰਨੈਲ ਭਾਈ ਦਲਜੀਤ ਸਿੰਘ ਬਿੱਟੂ, ਆਵਾਜ਼ ਏ ਕੌਮ ਤੋਂ ਸਿੱਖ ਚਿੰਤਕ ਭਾਈ ਪ੍ਰਭਜੋਤ ਸਿੰਘ ਨਵਾਂਸ਼ਹਿਰ, ਪ੍ਰਧਾਨ ਭਾਈ ਮਨਜੀਤ ਸਿੰਘ ਕਰਤਾਰਪੁਰ, ਭਾਈ ਨੋਬਲਜੀਤ ਸਿੰਘ ਬੁੱਲ੍ਹੋਵਾਲ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਹਰਜਿੰਦਰ ਸਿੰਘ ਜ਼ਿੰਦਾ, ਭਾਈ ਰਣਵੀਰ ਸਿੰਘ ਬੈਂਸਤਾਨੀ, ਭਾਈ ਕਰਨੈਲ ਸਿੰਘ ਘੋੜੇਬਾਹਾ, ਭਾਈ ਪਰਮਜੀਤ ਸਿੰਘ ਗਾਜੀ, ਭਾਈ ਅੰਗਰੇਜ ਸਿੰਘ ਮੋਗਾ ਨੇ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਚਾਲੀ ਦੇ ਕਰੀਬ ਸ਼ਹੀਦ ਖਾੜਕੂਆਂ ਦੇ ਪਰਿਵਾਰਾਂ ਦੇ 5100-5100 ਰੁਪਏ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤੇ ਗਏ। ਪੰਥਕ ਆਗੂਆਂ ਨੇ ਕਿਹਾ ਕਿ ਅੱਜ ਸਾਡਾ ਵਜੂਦ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ, ਸ਼ਹੀਦ ਭਾਈ ਅਮਰੀਕ ਸਿੰਘ ਅਤੇ ਸ਼ਹੀਦ ਭਾਈ ਮੱਖਣ ਸਿੰਘ ਜੀ ਸਮੇਤ ਸਮੁੱਚੇ ਜੁਝਾਰੂ ਸ਼ਹੀਦਾਂ ਕਰਕੇ ਹੀ ਹੈ, ਜਿਨ੍ਹਾਂ ਨੇ ਸਿੱਖ ਪਛਾਣ ਨੂੰ ਕਾਇਮ ਰੱਖਣ ਅਤੇ ਸਿੱਖ ਪ੍ਰਭੂਸੱਤਾ ਖਾਲਿਸਤਾਨ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਜੁਝਾਰੂ ਸਿੰਘ ਬਹੁਤ ਹੀ ਉੱਚੇ-ਸੁੱਚੇ ਕਿਰਦਾਰਾਂ ਵਾਲੀਆਂ ਸੂਝਵਾਨ ਰੂਹਾਂ ਸਨ ਅਤੇ ਇੱਥੋਂ ਤੱਕ ਉੱਚ-ਕੋਟੀ ਦੇ ਪੜ੍ਹੇ-ਲਿਖੇ ਅਤੇ ਨੌਕਰੀਆਂ ਕਰਨ ਵਾਲੇ ਸਿੰਘਾਂ ਨੇ ਵੀ ਆਪਣੇ ਘਰ-ਪਰਿਵਾਰ ਛੱਡ ਕੇ ਸਿੱਖਾਂ 'ਤੇ ਹੋ ਰਹੇ ਜਬਰ ਜ਼ੁਲਮ ਨੂੰ ਠੱਲ੍ਹ ਪਾਉਣ ਅਤੇ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਵੱਡਾ ਹਥਿਆਰਬੰਦ ਸੰਘਰਸ਼ ਲੜਿਆ। ਖਾੜਕੂ ਸਿੰਘਾਂ ਦਾ ਮਕਸਦ ਅਤੇ ਸੰਘਰਸ਼ ਗੁਰੂ ਸਾਹਿਬ ਜੀ ਵਲੋਂ ਉਸਾਰੇ ਸਰਬੱਤ ਦੇ ਭਲੇ ਵਾਲੇ ਹਲੀਮੀ ਰਾਜ ਦੇ ਸੰਕਲਪ ਤੋਂ ਪ੍ਰੇਰਿਤ ਸੀ। ਇਸ ਸੰਕਲਪ ਦੀ ਪ੍ਰਾਪਤੀ ਲਈ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸਮੂਹ ਜੁਝਾਰੂ ਸ਼ਹੀਦ ਸਿੰਘਾਂ ਨੇ ਪੂਰਾ ਪਹਿਰਾ ਦਿੱਤਾ। ਅਖ਼ੀਰ ਉਨ੍ਹਾਂ ਕਿਹਾ ਕਿ ਸਿੱਖ ਰਾਜ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਸ਼ਹੀਦ ਭਾਈ ਮੱਖਣ ਸਿੰਘ ਜੀ ਦੇ ਪਰਿਵਾਰ ਵਲੋਂ ਸ਼ਹੀਦ ਖਾੜਕੂਆਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼ਹੀਦ ਭਾਈ ਮੱਖਣ ਸਿੰਘ ਜੀ ਦੇ ਭਰਾਤਾ ਭਾਈ ਹਰਕਮਲ ਸਿੰਘ, ਬਾਪੂ ਸੇਵਾ ਸਿੰਘ, ਬਾਬਾ ਹਰਦੇਵ ਸਿੰਘ ਜੀ ਤਲਵੰਡੀ ਅਰਾਈਆਂ, ਭਾਈ ਕੰਵਲ ਚਰਨਜੀਤ ਸਿੰਘ ਜਲੰਧਰ, ਧਰਮੀ ਫੌਜੀ ਭਾਈ ਜਸਵੰਤ ਸਿੰਘ, ਬੀਬੀ ਕੁਲਵਿੰਦਰ ਕੌਰ ਜੀ ਤੁਗਲਵਾਲ, ਭਾਈ ਅੰਗਰੇਜ਼ ਸਿੰਘ, ਲਖਵੀਰ ਸਿੰਘ ਸ਼ਹੀਦ ਸਿੰਘ ਦਾ ਸਮੂਹ ਪਰਿਵਾਰ ਅਤੇ ਰਿਸ਼ਤੇਦਾਰ ਹਾਜ਼ਰ ਸਨ।

**ਦਿੱਲੀ ਕਮੇਟੀ ਪ੍ਰਬੰਧਕ ਕੁਕਰਮੀ**

# ਮੁਲਾਜਮਾਂ ਦੀ ਕਰ ਰਹੇ ਹਨ ਪੁਸ਼ਤਪਨਾਹੀ: ਅਵਤਾਰ ਸਿੰਘ ਨਿਹੰਗ



**ਨਵੀਂ ਦਿੱਲੀ 14 ਮਈ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬਾਨਾਂ ਦੇ ਸੁਚੱਜੇ ਪ੍ਰਬੰਧ ਅਤੇ ਮਾਣ ਮਰਿਆਦਾ ਕਾਇਮ ਰੱਖਣ ਲਈ ਹੋਂਦ ਵਿੱਚ ਆਈ ਸੀ । ਪਰ ਅੱਜ ਜੋ ਗਿਰਾਵਟ ਕਮੇਟੀ ਵਿੱਚ ਆ ਚੁੱਕੀ ਹੈ । ਉਸਨੂੰ ਦੇਖਕੇ ਹਰ ਸਿੱਖ ਦਾ ਹਿਰਦਾ ਦੁਖਦਾ ਹੈ । ਨੌਜਵਾਨ 84 ਸੇਵਾ ਦਲ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਪਣੇ ਸਾਥੀਆਂ ਸਮੇਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਹਾਲਤ ਇਹ ਹਨ ਕਿ ਗੁਰੂ ਘਰਾਂ ਦੇ ਅੰਦਰ ਹੀ ਨਰੈਣ ਮਹੰਤ ਵਾਂਗ ਕੁਝ ਲੋਕ ਕੁਕਰਮ ਕਰ ਰਹੇ ਹਨ ਪਰ ਸਾਰਾ ਕੁਝ ਜਾਣਦੇ ਬੁਝਦੇ ਹੋਏ ਵੀ ਦਿੱਲੀ ਕਮੇਟੀ ਵੱਲੋਂ ਇਹਨਾਂ ਕੁਕਰਮਾਂ ਨੂੰ ਨਾ ਤੇ ਰੋਕਿਆ ਦਾ ਰਿਹਾ ਹੈ ਤੇ ਨਾ ਹੀ ਉਹਨਾਂ ਦੁਸ਼ਟ ਲੋਕਾਂ ਤੇ ਕੋਈ ਕਾਰਵਾਈ ਕੀਤੀ ਜਾ ਰਹੀ ਹੈ । ਇਤਿਹਾਸਕ ਅਸਥਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਲੰਗਰ ਹਾਲ ਦੇ ਬਿਲਕੁਲ ਨਾਲ ਦੇ ਕਮਰੇ ਵਿੱਚ ਕਮੇਟੀ ਦੇ ਇੱਕ ਜ਼ਿੰਮੇਵਾਰ ਮੁਲਾਜ਼ਮ ਵੱਲੋਂ ਕੁਕਰਮ ਕੀਤੇ ਜਾਣ ਦੀ ਖ਼ਬਰ ਸਾਡੀ ਸੰਸਥਾ ਨੂੰ ਲੱਗੀ ਸੀ ਜਿਸ ਬਾਰੇ ਅਸੀਂ ਸੁਚੇਤ ਰਹਿੰਦੇ ਹੋਏ ਲਗਾਤਾਰ ਚਾਰ ਹਫ਼ਤੇ ਨਿਗਰਾਨੀ ਕੀਤੀ ਤੇ ਚਾਰ ਹਫ਼ਤਿਆਂ ਬਾਅਦ ਉਕਤ ਮੁਲਾਜ਼ਮ ਨੂੰ ਇੱਕ ਬੀਬੀ ਨਾਲ ਕੁਕਰਮ ਕਰਦਿਆਂ ਰੰਗੇ ਹੱਥੀਂ ਫੜਿਆ । ਜਿਸਦੇ ਸਬੂਤ ਵਜੋਂ ਵੀਡੀਓਜ਼ ਵੀ ਸਾਡੇ ਕੋਲ ਮੌਜੂਦ ਹਨ । ਇਸ ਮੌਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਮੈਨੇਜਰ ਸਮੇਤ ਹੋਰ ਮੁਲਾਜ਼ਮ ਵੀ ਉਥੇ ਪਹੁੰਚ ਗਏ ਤੇ ਉਹਨਾਂ ਵੱਲੋਂ ਪ੍ਰਬੰਧਕਾਂ ਨਾਲ ਗੱਲਬਾਤ ਤੋਂ ਬਾਅਦ ਉਕਤ ਵਿਅਕਤੀ ਜੋ ਕਮੇਟੀ ਦਾ ਹੀ ਮੁਲਾਜ਼ਮ ਹੈ ਉਸਨੂੰ ਸਸਪੈਂਡ ਕੀਤਾ ਗਿਆ । ਸੰਗਤ ਆਪ ਹੀ ਸੋਚੇ ਕਿ ਇਹੋ ਜਿਹੇ ਕੁਕਰਮ ਦੀ ਸਜ਼ਾ ਸਿਰਫ ਸਸਪੈਂਡ ਕਰਨਾ ਹੈ ? ਅਸੀਂ ਚਾਹੁੰਦੇ ਸੀ ਕਿ ਉਕਤ ਦੋਸ਼ੀ ਦੀਆਂ ਸੇਵਾਵਾਂ ਖਤਮ ਹੋਣ ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮਾਮਲਾ ਦਰਜ ਕੀਤਾ ਜਾਵੇ। ਪਰ ਕਮੇਟੀ ਵੱਲੋਂ ਗੱਲ ਠੰਡੇ ਬਸਤੇ ਪਾਉਣ ਦੇ ਯਤਨ ਹੁੰਦੇ ਰਹੇ ਤੇ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਵੱਲੋਂ ਦੋ ਦਿਨਾਂ ਬਾਅਦ ਆਪਣੇ ਦਫ਼ਤਰ ਬੁਲਾਕੇ ਸਾਨੂੰ ਧਮਕਾਇਆ ਵੀ ਗਿਆ ਤੇ ਕਮੇਟੀ ਵਿੱਚ ਨੌਕਰੀ ਦੇਣ ਦੇ ਲਾਲਚ ਵੀ ਦਿੱਤੇ ਗਏ । ਇੱਥੋਂ ਸੰਗਤ ਹਿਸਾਬ ਲਗਾ ਸਕਦੀ ਹੈ ਕਿ ਕਮੇਟੀ ਕੁਕਰਮ ਕਰਨ ਵਾਲਿਆਂ ਦੀ ਕਿਸ ਤਰ੍ਹਾਂ ਪੁਸ਼ਤ ਪਨਾਹੀ ਕਰ ਰਹੀ ਹੈ । ਅਸੀ ਇਸ ਸੰਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਤੱਕ ਪਹੁੰਚ ਕੀਤੀ ਹੈ । ਇਹਨਾਂ ਨੇ ਇਸ ਸੰਬੰਧੀ ਪੂਰਾ ਤਾਲਮੇਲ ਕੀਤਾ ਹੈ ਤੇ ਹੁਣ ਅਸੀਂ ਇਸ ਸਬੰਧੀ ਸ਼ਿਕਾਇਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਲੈ ਕੇ ਜਾਵਾਂਗੇ ਤੇ ਕੁਕਰਮੀ ਮੁਲਾਜ਼ਮ ਸਮੇਤ ਉਸਦੀ ਪੁਸ਼ਤ ਪਨਾਹੀ ਕਰਨ ਕਰਕੇ ਗੁਰੂ ਘਰ ਦੇ ਬਰਾਬਰ ਦੇ ਦੋਖੀ ਦਿੱਲੀ ਕਮੇਟੀ ਦੇ ਅਹੁਦੇਦਾਰਾਂ ਤੇ ਸੰਬੰਧਿਤ ਮੁਲਾਜ਼ਮ ਉੱਪਰ ਪੰਥਕ ਰਵਾਇਤ ਅਨੁਸਾਰ ਕਾਰਵਾਈ ਕਰਨ ਲਈ ਬੇਨਤੀ ਕਰਾਂਗੇ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਜਤਿੰਦਰ ਸਿੰਘ ਸੋਨੂੰ, ਗੁਰਮੀਤ ਸਿੰਘ ਫਿਲੀਪੀਨਸ ਸਮੇਤ ਹੋਰ ਵਰਕਰ ਵੀ ਹਾਜ਼ਰ ਸਨ । ਜਿੰਨਾ ਇਸ ਕੁਕਰਮ ਦੀ ਪੁਸ਼ਤ ਪਨਾਹੀ ਕਰਨ ਵਾਲਿਆਂ ਦੀ ਨਿਖੇਧੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋਸ਼ੀ ਖਿਲਾਫ ਕਾਰਵਾਈ ਦੀ ਮੰਗ ਵੀ ਕੀਤੀ।

# ਜਸਕਰਨ ਸਿੰਘ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਡੀਆ ਸਲਾਹਕਾਰ ਨਿਯੁਕਤ



**ਨਵੀਂ ਦਿੱਲੀ, 14 ਮਈ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਚਨਾ ਤਕਨਾਲੋਜੀ ਵਿਭਾਗ ਵਿੱਚ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਲੇਖਕ ਵਜੋਂ ਸੇਵਾਵਾਂ ਨਿਭਾਅ ਰਹੇ ਸ. ਜਸਕਰਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਹੈ। ਬੀਤੇ ਦਿਨੀਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਜਸਕਰਨ ਸਿੰਘ ਨੂੰ ਗੁਰੂ ਬਖ਼ਿਸ਼ਸ਼ ਸਿਰੋਪਾਓ ਦੇ ਕੇ ਮੀਡੀਆ ਸਲਾਹਕਾਰ ਦੇ ਅਹੁਦੇ ਉੱਤੇ ਸੇਵਾ ਸੌਂਪ ਦਿੱਤੀ ਹੈ ਅਤੇ ਉਹ ਹੁਣ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਦੱਸਿਆ ਕਿ ਸ. ਜਸਕਰਨ ਸਿੰਘ ਚੰਡੀਗੜ੍ਹ ਦੇ ਰਹਿਣ ਵਾਲੇ ਹਨ ਤੇ ਉਨ੍ਹਾਂ ਦਾ ਪਿਛੋਕੜ ਮੀਡੀਆ ਨਾਲ ਸਬੰਧਤ ਹੈ। ਉਨ੍ਹਾਂ ਨੇ ਪੱਤਰਕਾਰੀ, ਜਨ ਸੰਚਾਰ ਅਤੇ ਮੀਡੀਆ ਤਕਨਾਲੋਜੀ ਵਿੱਚ ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਹਾਸਲ ਕੀਤੀ ਹੋਈ ਹੈ। ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵਿਖੇ ਸੇਵਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਸ. ਜਸਕਰਨ ਸਿੰਘ ਸਾਲ 2014 ਤੋਂ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਬਤੌਰ ਪੱਤਰਕਾਰ ਕਾਰਜ ਕਰ ਰਹੇ ਸਨ। ਇਸ ਮੌਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਤੇ ਸਹਾਇਕ ਇੰਚਾਰਜ ਸ. ਜਸਵੀਰ ਸਿੰਘ ਲੌਂਗੋਵਾਲ ਹਾਜ਼ਰ ਸਨ।

# ਦਿੱਲੀ ਕਮੇਟੀ ਅਧੀਨ ਚਲਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦਾ 10ਵੀਂ ਅਤੇ 12ਵੀਂ ਕਲਾਸ ਦਾ 100 ਫੀਸਦੀ ਤੇ 99 ਫੀਸਦੀ ਸ਼ਾਨਦਾਰ ਨਤੀਜਾ: ਕਾਲਕਾ, ਕਾਹਲੋਂ



**ਨਵੀਂ ਦਿੱਲੀ, 14 ਮਈ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸੀ ਬੀ ਐਸ ਈ ਵੱਲੋਂ ਕੱਲ੍ਹ ਐਲਾਨੇ 10ਵੀਂ ਤੇ 12ਵੀਂ ਕਲਾਸ ਦੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ ਸ਼ਾਨਦਾਰ ਨਤੀਜੇ ਇਹਨਾਂ ਸਕੂਲਾਂ ਨੂੰ ਬਦਨਾਮ ਕਰਨ ਵਾਲੇ ਆਗੂਆਂ ਦੇ ਮੂੰਹ 'ਤੇ ਕਰਾਰੀ ਚਪੇੜ ਹਨ। ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸੀ ਬੀ ਐਸ ਈ ਵੱਲੋਂ ਐਲਾਨੇ ਨਤੀਜਿਆਂ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀਆਂ ਸਾਰੀਆਂ ਬ੍ਰਾਂਚਾਂ ਦੇ 10ਵੇਂ ਦੇ ਨਤੀਜੇ 100 ਫੀਸਦੀ ਅਤੇ 12ਵੀਂ ਦੇ ਨਤੀਜੇ 99 ਫੀਸਦੀ ਰਹੇ ਹਨ। ਉਹਨਾਂ ਕਿਹਾ ਕਿ ਮਿਹਨਤੀ ਵਿਦਿਆਰਥੀਆਂ ਨੇ ਸਕੂਲਾਂ ਦੇ ਬਹੁਤ ਹੀ ਮਿਹਨਤੀ ਤੇ ਯੋਗ ਸਟਾਫ ਦੇ ਮਾਰਗ ਦਰਸ਼ਨ ਹੇਠ ਇਹਨਾਂ ਪ੍ਰੀਖਿਆਵਾਂ ਵਿਚ ਬਹੁਤ ਹੀ ਸ਼ਾਨਦਾਰ ਮੱਲਾਂ ਮਾਰੀਆਂ ਹਨ। ਉਹਨਾਂ ਕਿਹਾ ਕਿ ਇਹਨਾਂ ਨਤੀਜਿਆਂ ਤੋਂ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਕੌਮੀ ਰਾਜਧਾਨੀ ਵਿਚ ਸਿੱਖ ਕੌਮ ਦਾ ਉਹ ਗਹਿਣਾ ਹਨ ਜਿਸ 'ਤੇ ਸਮੁੱਚੀ ਕੌਮ ਨੂੰ ਮਾਣ ਹੈ। ਉਹਨਾਂ ਕਿਹਾ ਕਿ ਸਿੱਖੀ ਦਾ ਭੇਸ ਧਾਰ ਕੇ ਘੁੰਮਦੇ ਫਿਰ ਰਹੇ ਕੁਝ ਲੋਕਾਂ ਨੂੰ ਸਿੱਖ ਕੌਮ ਦੀਆਂ ਇਹਨਾਂ ਸੰਸਥਾਵਾਂ ਦੀ ਇਹ ਪ੍ਰਾਪਤੀ ਬਰਦਾਸ਼ਤ ਨਹੀਂ ਹੁੰਦੀ ਤੇ ਇਹ ਕਾਲੀਆਂ ਭੇਡਾਂ ਸਮੇਂ-ਸਮੇਂ 'ਤੇ ਇਹਨਾਂ ਸਕੂਲਾਂ, ਇਹਨਾਂ ਦੇ ਵਿਦਿਆਰਥੀਆਂ ਤੇ ਇਹਨਾਂ ਦੇ ਸਟਾਫ ਖਿਲਾਫ ਕੂੜ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। ਉਹਨਾਂ ਕਿਹਾ ਕਿ ਵਿਦਿਆਰਥੀਆਂ ਨੇ ਆਪਣੀ ਕਰੜੀ ਮਿਹਨਤ ਨਾਲ ਅਜਿਹੀਆਂ ਭੇਡਾਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰੀ ਹੈ। ਸ਼ਾਨਦਾਰ ਨਤੀਜਿਆਂ ਲਈ ਸਮੁੱਚੇ ਸਟਾਫ ਨੂੰ ਵਧਾਈ ਦਿੰਦਿੰਆਂ ਅਤੇ ਧੰਨਵਾਦ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਕਮੇਟੀ ਵੱਲੋਂ ਇਹਨਾਂ ਸਕੂਲਾਂ ਨੂੰ ਹੋਰ ਪ੍ਰਫੁੱਲਤ ਕਰਨ ਵਾਸਤੇ ਹਮੇਸ਼ਾ ਵੱਡਮੁੱਲਾ ਸਹਿਯੋਗ ਮਿਲਦਾ ਰਹੇਗਾ। ਉਹਨਾਂ ਨੇ ਸਟਾਫ ਤੇ ਵਿਦਿਆਰਥੀਆਂ ਨੂੰ ਇਹ ਵੀ ਆਖਿਆ ਕਿ ਉਹ ਇਹਨਾਂ ਕੂੜ ਪ੍ਰਚਾਰ ਕਰਨ ਵਾਲਿਆਂ ਦੀ ਪਰਵਾਹ ਨਾ ਕਰਨ, ਸੱਚੇ ਮਾਰਗ 'ਤੇ ਚਲਦਿਆਂ ਅਕਾਲ ਪੁਰਖ ਆਪ ਸੱਚਿਆਂ ਦੀ ਬਾਂਹ ਫੜਦਾ ਹੈ ਤੇ ਅੰਤ ਜਿੱਤ ਸਿਰਫ ਤੇ ਸਿਰਫ ਸੱਚ ਦੀ ਹੀ ਹੁੰਦੀ ਆਈ ਹੈ ਤੇ ਹੁੰਦੀ ਰਹੇਗੀ।

# ਕਰਨਲ ਸੋਫੀਆ 'ਤੇ ਟਿੱਪਣੀ ਕਰ ਕਸੂਤੇ ਫਸੇ ਵਿਜੇ ਸ਼ਾਹ, ਹਾਈ ਕੋਰਟ ਸਖ਼ਤ



**ਨਵੀਂ ਦਿੱਲੀ, 14 ਮਈ (ਆਵਾਜ਼ਿ ਕੌਮ ਬਿਊਰੋ)**-ਕਰਨਲ ਸੋਫੀਆ ਕੁਰੈਸ਼ੀ 'ਤੇ ਵਿਵਾਦਿਤ ਬਿਆਨ ਦੇਣ 'ਤੇ ਮੱਧ ਪ੍ਰਦੇਸ਼ ਦੇ ਕੈਬਨਿਟ ਮੰਤਰੀ ਵਿਜੇ ਸ਼ਾਹ 'ਤੇ ਹਾਈ ਕੋਰਟ ਸਖ਼ਤ ਹੋ ਗਿਆ ਹੈ। ਜਬਲਪੁਰ ਹਾਈ ਕੋਰਟ ਨੇ ਵਿਜੇ ਸ਼ਾਹ 'ਤੇ FIR ਦਰਜ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਨੇ FIR ਦਰਜ ਕਰਨ ਨੂੰ ਲੈ ਕੇ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਕਿਹਾ ਕਿ ਹਰ ਹਾਲ ਵਿਚ ਇਸ ਮਾਮਲੇ 'ਤੇ FIR ਦਰਜ ਹੋਣੀ ਚਾਹੀਦੀ ਹੈ। ਹਾਈ ਕੋਰਟ ਵਿਚ ਜਸਟਿਸ ਅਤੁਲ ਸ਼੍ਰੀਧਰਨ ਦੀ ਡਿਵੀਜ਼ਨ ਬੈਂਚ ਨੇ ਕਿਹਾ ਹੈ ਕਿ ਵਿਜੇ ਸ਼ਾਹ 'ਤੇ FIR ਤੁਰੰਤ ਦਰਜ ਹੋਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਕੱਲ ਸਵੇਰੇ ਸਭ ਤੋਂ ਪਹਿਲਾਂ ਇਸ ਮਾਮਲੇ 'ਤੇ ਅਗਲੀ ਸੁਣਵਾਈ ਕਰਾਂਗੇ। ਦਰਅਸਲ ਕੈਬਨਿਟ ਮੰਤਰੀ ਵਿਜੇ ਸ਼ਾਹ ਨੇ ਕਰਨਲ ਸੋਫੀਆ ਕੁਰੈਸ਼ੀ ਬਾਰੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ, ਜਿਸ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ। ਇਸ ਵਿਵਾਦ ਨੂੰ ਲੈ ਕੇ ਪੂਰੇ ਦੇਸ਼ ਵਿਚ ਸਿਆਸਤ ਸ਼ੁਰੂ ਹੋ ਗਈ ਹੈ। ਕਾਂਗਰਸ ਸਮੇਤ ਤਮਾਮ ਪਾਰਟੀਆਂ ਦੇ ਮੰਤਰੀ ਵਿਜੇ ਸ਼ਾਹ 'ਤੇ ਕਾਰਵਾਈ ਦੀ ਮੰਗ ਕਰ ਰਹੇ ਹਨ।

# ਜਥੇਦਾਰ ਦਾਦੂਵਾਲ ਦੇ ਹਰਿਆਣਾ ਕਮੇਟੀ ਦਾ ਮੈਂਬਰ ਨਾਮਜ਼ਦ ਹੋਣ 'ਤੇ

# ਦੇਸ਼ ਵਿਦੇਸ਼ ਵਿੱਚ ਖੁਸ਼ੀ ਦੀ ਲਹਿਰ : ਮਨਜੀਤ ਸਿੰਘ ਭੋਮਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਪੰਜਾਬ ਦੇ ਚੇਅਰਮੈਨ ਡਾਕਟਰ ਮਨਜੀਤ ਸਿੰਘ ਭੋਮਾ ਨੇ ਮੀਡੀਆ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕੇ ਸਿੱਖ ਕੌਮ ਦੇ ਮਹਾਨ ਕਥਾਵਾਚਕ ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਵਾਲੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੇ ਮੁੜ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਹੋਣ ਤੇ ਸਾਰੇ ਸਿੱਖ ਜਗਤ ਦੇਸ਼ ਵਿਦੇਸ਼ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ ਉਨਾਂ ਕਿਹਾ ਜੋ ਸਿੱਖ ਕੌਮ ਦਾ ਪ੍ਰਚਾਰ ਪ੍ਰਸਾਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕੀਤਾ ਹੈ ਉਸਦਾ ਕੋਈ ਸਾਨੀ ਨਹੀਂ,ਇਕੱਲਾ ਧਰਮ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਜਿਥੇ ਵੀ ਕਦੇ ਪੰਥ ਤੇ ਭੀੜ ਬਣੀ ਹੈ ਸਭ ਤੋਂ ਮੋਹਰੇ ਹੋ ਕੇ ਪੰਥ ਖ਼ਾਤਰ ਤੇ ਕੌਮ ਦੇ ਸਿਧਾਂਤਾਂ ਲਈ ਸਟੈਂਡ ਲਿਆ ਹੈ ਇਸ ਲਈ ਉਨਾਂ ਨੂੰ ਜੇਲਾਂ ਦੀਆਂ ਕਾਲ ਕੋਠੜੀਆਂ ਵਿੱਚ ਵਿੱਚ ਵੀ ਬੰਦ ਰਹਿਣਾ ਪਿਆ ਜਥੇਦਾਰ ਦਾਦੂਵਾਲ ਜੀ ਨੇ ਪੰਥ ਦੇ ਗਦਾਰਾਂ ਨੂੰ ਸਮੇਂ ਸਮੇਂ ਪੰਥ ਦੀ ਕਚਹਿਰੀ ਵਿੱਚ ਨੰਗਿਆਂ ਕੀਤਾ ਹੈ ਹਰਿਆਣਾ ਕਮੇਟੀ ਦਾ ਕੇਸ ਮਾਣਯੋਗ ਸੁਪਰੀਮ ਕੋਰਟ ਤੋਂ ਜਿੱਤਣਾ ਤੇ ਹਰਿਆਣਾ ਸਰਕਾਰ ਪੰਜਾਬ ਸਰਕਾਰ ਵਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਸੁਪਰੀਮ ਕੋਰਟ ਵਿੱਚ ਹਲਫਨਾਮਾ ਦਿਵਾਉਣਾ ਜਥੇਦਾਰ ਦਾਦੂਵਾਲ ਦੇ ਹਿੱਸੇ ਆਇਆ ਹੈ ਤਾਂ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਹੈ ਪੰਥ ਵਿਰੋਧੀ ਤਾਕਤਾਂ ਜਥੇਦਾਰ ਦਾਦੂਵਾਲ ਨੂੰ ਕਿਸੇ ਵੀ ਕੀਮਤ ਤੇ ਅੱਗੇ ਵਧਣ ਨਹੀਂ ਦੇਣਾ ਚਾਹੁੰਦੀਆਂ ਪਰ ਜਥੇਦਾਰ ਦਾਦੂਵਾਲ ਪੰਥ ਦੁਸ਼ਮਣਾਂ ਤੇ ਗਦਾਰਾਂ ਦਾ ਹਰ ਘੇਰਾ ਤੋੜਕੇ ਹਮੇਸ਼ਾ ਅੱਗੇ ਵਧਦੇ ਰਹੇ ਹਨ ਜਥੇਦਾਰ ਦਾਦੂਵਾਲ ਦੀ ਇਹ ਸਿਫ਼ਤ ਹੈ ਉਨਾਂ ਕਦੇ ਕੁਰਸੀ ਦਾ ਪਿੱਛਾ ਨਹੀਂ ਕੀਤਾ ਪਰ ਕੁਰਸੀਆਂ ਤੇ ਅਹੁਦੇ ਉਨਾਂ ਦੇ ਮਗਰ ਦੌੜਦੇ ਹਨ ਉਹ ਭਾਵੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੋਵੇ ਭਾਵੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਦੀ ਚੇਅਰਮੈਨੀ ਹੋਵੇ ਇੱਕ ਮੈਂਬਰੀ ਤਾਂ ਵੱਡੀ ਗੱਲ ਨਹੀਂ ਉਨਾਂ ਨੂੰ ਸਰਬੱਤ ਖਾਲਸਾ 10 ਲੱਖ ਦੇ ਇਕੱਠ ਵਲੋਂ ਜਥੇਦਾਰ ਦਾਦੂਵਾਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਜਥੇਦਾਰ ਵੀ ਥਾਪਿਆ ਗਿਆ ਸੀ ਪੰਥ ਵਲੋਂ ਅਨੇਕਾਂ ਗੋਲਡ ਮੈਡਲ ਅਤੇ ਮਾਨ ਸਨਮਾਨ ਉਨਾਂ ਦੀ ਝੋਲੀ ਪਾਏ ਹਨ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਪੰਜਾਬ ਦੇ ਚੇਅਰਮੈਨ ਡਾਕਟਰ ਮਨਜੀਤ ਸਿੰਘ ਭੋਮਾ



ਆਵਾਜ਼ਿ ਕੌਮ AWAZE QAUM International Newspaper & WEB TV

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਹਰਿਆਣਾ ਕਮੇਟੀ ਦਾ

# ਮੈਂਬਰ ਨਾਮਜ਼ਦ ਕਰਨ ਦੇ ਫੈਸਲੇ ਦਾ ਮੈਂ ਕਰਦਾ ਹਾਂ ਸਵਾਗਤ — ਜਥੇਦਾਰ ਪੰਜੋਲੀ

ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਨੇ ਸਰਸੇ ਵਾਲੇ ਪਖੰਡੀ ਅਸਾਧ ਦੇ ਵਿਰੁੱਧ ਜਿੰਨੀ ਦਲੇਰੀ ਨਾਲ ਸੰਘਰਸ਼ ਕੀਤਾ ਹੈ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ।ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਾਹਿਬ ਉੱਤੇ ਬਾਦਲ ਸਰਕਾਰ ਨੇ ਵੱਖ ਵੱਖ ਧਰਾਵਾਂ ਅਧੀਨ ਕਈ ਵਾਰ ਪਰਚੇ ਵੀ ਦਰਜ ਕੀਤੇ ਅਤੇ ਕਈ ਵਾਰ ਜੇਲ ਵਿੱਚ ਬੰਦ ਕੀਤਾ ਪ੍ਰੰਤੂ ਜਥੇਦਾਰ ਬਲਜੀਤ ਸਿੰਘ ਜੀ ਨੇ ਨਾ ਬਾਦਲ ਸਰਕਾਰ ਅਤੇ ਨਾ ਹੀ ਸਰਸੇ ਵਾਲੇ ਪਖੰਡੀ ਅਸਾਧ ਦੀ ਈਨ ਮੰਨੀ । ਧਰਮ ਪ੍ਰਚਾਰ ਦੇ ਖੇਤਰ ਵਿੱਚ ਜਥੇਦਾਰ ਦਾਦੂਵਾਲ ਜੀ ਨੇ ਮਾਣ ਮੱਤਾ ਰੋਲ ਅਦਾ ਕੀਤਾ ਹੈ । ਹਜ਼ਾਰਾਂ ਪ੍ਰਾਣੀਆਂ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਗਾਇਆ ਹੈ ਜਥੇਦਾਰ ਦਾਦੂਵਾਲ ਸਾਹਿਬ ਨੂੰ ਹਰਾਉਣ ਲਈ ਬਾਦਲ ਪਰਵਾਰ ਨੇ ਪੂਰਾ ਜ਼ੋਰ ਲਾਇਆ ਅਤੇ ਸਰਸੇ ਵਾਲੇ ਪਖੰਡੀ ਅਸਾਧ ਨੇ ਵੀ ਪੂਰਾ ਜ਼ੋਰ ਲਾਇਆ ।ਜਿਹੜੇ ਲੋਕ ਜਥੇਦਾਰ ਦਾਦੂਵਾਲ ਸਾਹਿਬ ਦਾ ਵਿਰੋਧ ਕਰਦੇ ਹਨ ਅਸਲ ਵਿੱਚ ਉਹ ਸਰਸੇ ਵਾਲੇ ਅਸਾਧ ਅਤੇ ਬਾਦਲ ਦਲ ਦੀ ਹੀ ਹਮਾਇਤ ਕਰਦੇ ਹਨ । ਮੈਂ ਹਰਿਆਣਾ ਕਮੇਟੀ ਮੈਂਬਰ ਸਹਿਬਾਨ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਹਰਿਆਣਾ ਸਿੱਖ ਗੁਰਦਆਰਾ ਪ੍ਰਬੰਧਕ ਕਮੇਟੀ ਦਾ ਮੁੜ ਮੈਂਬਰ ਨਾਮਜ਼ਦ ਕੀਤਾ ਹੈ ਜਥੇਦਾਰ ਬਾਬਾ ਬਲਜੀਤ ਸਿੰਘ ਜੀ ਨੇ ਪਿਛਲੇ ਸਮੇਂ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ ਬਣਕੇ ਬਹੁਤ ਸਾਰੇ ਧਾਰਮਿਕ ਸਮਾਗਮ ਕੀਤੇ ਸਨ ਜਥੇਦਾਰ ਦਾਦੂ ਵਾਲ ਸਾਹਿਬ ਨੇ ਹਰਿਆਣ ਸਟੇਟ ਸਿੱਖ ਲੀਡਰਸਿੱਪ ਪੈਦਾ ਕਰਨ ਲਈ ਚੰਗਾ ਰੋਲ ਨਿਭਾਇਆ ਹੈ ਜਥੇਦਾਰ ਦਾਦੂਵਾਲ ਜੀ ਨੂੰ ਪੰਥਪ੍ਰਸਤ ਹੋਣ ਕਾਰਣ ਉਨਾਂ ਦੀ ਨਿਯੁੱਕਤੀ ਦਾ ਮੈਂ ਸਵਾਗਤ ਕਰਦਾ ਹਾਂ ਅਤੇ ਉਨਾਂ ਨੂੰ ਵਧਾਈ ਦਿੰਦਾ ਹਾਂ।



ਜਥੇਦਾਰ ਕਰਨੈਲ ਸਿੰਘ ਪੰਜੋਲੀ



ਆਵਾਜ਼ਿ ਕੌਮ AWAZE QAUM International Newspaper & WEB TV

## ✯ ਫੋਟੋ ਗੈਲਰੀ ✯



ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਮਿਤੀ 14ਮਈ 2025 ਨੂੰ ਬਾਬਾ ਜੀ ਘਨੂੰੜਕੀ ਵਾਲੇ ਤਖਤ ਸ੍ਰੀ ਦਮਦਮਾ ਸਾਹਿਬ ਜੀ ਦੇ ਦਰਸਨ ਦੀਦਾਰ ਕਰਨ ਵਾਸਤੇ ਗਏ ਜਿੱਥੇ ਸਿੰਘ ਸਾਹਿਬ ਤਖਤ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਜੀ ਨੇ ਸ੍ਰੀ ਸਾਹਿਬ ਅਤੇ ਕਿਤਾਬਾ ਦਾ ਸੈੱਟ ਦੇ ਕੇ ਵਿਸੇਸ ਤੌਰ ਬਾਬਾ ਜੀ ਦਾ ਸਨਮਾਨ ਕੀਤਾ।

### ਸਿਵਲ ਹਸਪਤਾਲ ਵਿਖੇ ਬੰਦ ਪਏ ਆਕਸੀਜਨ ਜਨਰੇਸ਼ਨ ਪਲਾਂਟਾਂ ਨੂੰ ਅਣਗੌਲਿਆ ਕਰਨ ਵਾਲੇ ਅਧਿਕਾਰੀਆ ਤੇ ਤੁਰੰਤ ਕਾਰਵਾਈ ਕੀਤੀ ਜਾਵੇ

# ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਭੇਜਿਆ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ



ਹੁਸ਼ਿਆਰਪੁਰ, 14 ਮਈ (ਆਵਾਜ਼ਿ ਕੌਮ ਬਿਊਰੋ)– ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਵਿੱਚ ਕਰੋੜਾਂ ਰੁਪਏ ਨਾਲ ਬਣੇ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਤੁਰੰਤ ਚਾਲੂ ਕਰਨ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਇਸ ਸਬੰਧੀ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਨੇ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਨਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਦੀ ਟੀਮ ਵੱਲੋਂ ਇਸ ਆਕਸੀਜਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟਾਂ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਉਹਨਾਂ ਕਿਹਾ ਕਿ ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਪ ਜੀ ਪਲਾਂਟ ਬੰਦ ਪਏ ਹੋਏ ਹਨ। ਇਹਨਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਉਨਾਂ ਦੋਸ਼ ਲਗਾਇਆ ਕਿ ਹੰਗਾਮੀ ਹਾਲਤ ਵਿੱਚ ਜੀਵਨ ਰੱਖਿਅਕ ਉਪਕਰਨ ਦੋਵੇਂ ਆਕਸੀਜਨ ਪਲਾਂਟ ਲੰਬੇ ਸਮੇਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਨ ਇਹ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੌਜੂਦਾ ਪ੍ਰਸ਼ਾਸਕ ਸੀਨੀਅਰ ਐਸ ਐਮ ਓ ਦੀ ਕੇਵਲ ਕਾਰਜਸ਼ੈਲੀ ਹੀ ਨਹੀਂ, ਸਗੋਂ ਉਹਨਾਂ ਦੀ ਪ੍ਰਸ਼ਾਸਨਿਕ ਯੋਗਤਾ ਉੱਪਰ ਵੀ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਉਨਾਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਗੈਰ ਜਿੰਮੇਵਾਰ ਪ੍ਰਸ਼ਾਸਕ ਤੇ ਹੋਰ ਅਧਿਕਾਰੀਆਂ ਨੂੰ ਮੌਜੂਦਾ ਸੀਟ ਤੋਂ ਤੁਰੰਤ ਪ੍ਰਭਾਵ ਨਾਲ ਹਟਾ ਕੇ ਇਹਨਾਂ ਸਭਨਾਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਅਤੇ ਜੀਵਨ ਰਖਿਅਕ ਕਰਨਾ ਨੂੰ ਠੀਕ ਕਰਾ ਕੇ ਮਰੀਜ਼ਾਂ ਦੀ ਵਰਤੋਂ ਯੋਗ ਵਿੱਚ ਲਿਆਉਣ, ਜੀਵਨ ਰੱਖਿਅਕ ਉਪਕਰਨਾਂ ਦੀ ਚੋਰੀ ਵੱਲ ਲੈ ਜਾਣ ਵਾਲੇ ਹਾਲਾਤਾਂ ਦੀ ਤੁਰੰਤ ਅਤੇ ਪੂਰੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਅਤੇ ਅਧਿਕਾਰੀਆਂ ਨੂੰ ਉਹਨਾਂ ਦੀ ਗੰਭੀਰ ਲਾਪਰਵਾਹੀ ਲਈ ਜਿੰਮੇਵਾਰ ਠਹਿਰਾਇਆ ਜਾਵੇ ਅਤੇ ਤੁਰੰਤ ਪ੍ਰਸ਼ਾਸਨ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸ਼ਨੀ ਸੀਣਾ ਪ੍ਰਧਾਨ ਬਲਾਕ ਚੱਬੇਵਾਲ, ਸਤੀਸ਼ ਕੁਮਾਰ ਸ਼ੇਰਗੜ੍ਹ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ, ਭਿੰਦਾ ਸੀਣਾ, ਸਤੀਸ਼ ਕੁਮਾਰ ਬਸੀ ਬਾਹਦ ਆਦਿ ਹਾਜ਼ਰ ਸਨ!

# ਜਹਿਰੀਲੀ ਸ਼ਰਾਬ ਪੀਣ ਨਾਲ ਪਿੰਡ ਭੰਗਵਾ ’ਚ 4 ਦੀ ਮੌਤ, 6 ਹਾਲੇ ਵੀ ਹਸਪਤਾਲ ’ਚ



**ਮਜੀਠਾ, 14 ਮਈ (ਆਵਾਜ਼ਿ ਕੌਮ ਬਿਊਰੋ)** - ਹਲਕਾ ਮਜੀਠਾ ਦੇ ਪਿੰਡ ਭਗਵਾ ਵਿੱਚ ਜਹਰੀਲੀ ਸ਼ਰਾਬ ਪੀਣ ਕਾਰਨ ਦਰਦਨਾਕ ਘਟਨਾ ਸਾਹਮਣੀ ਆਈ ਹੈ ਜਿੱਥੇ ਹੁਣ ਤੱਕ 4 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਜਦਕਿ 6 ਹੋਰ ਵਿਅਕਤੀ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਜਿੰਦਗੀ ਦੀ ਜੰਗ ਲੜ ਰਹੇ ਹਨ। ਜਿਨਾਂ ਵਿੱਚ ਚੰਨਣ ਸਿੰਘ ਪੁੱਤਰ ਸੁਖਵੰਤ ਸਿੰਘ, ਸੁਬੇਗ ਸਿੰਘ ਪੁੱਤਰ ਬਚਨ ਸਿੰਘ, ਸੁਖਜਿੰਦਰ ਸਿੰਘ ਪੁੱਤਰ ਲੱਖਾ ਸਿੰਘ, ਮੇਹਰ ਸਿੰਘ ਪੁੱਤਰ ਅਰਜਨ ਸਿੰਘ, ਅਜੀਤ ਸਿੰਘ ਫੌਜੀ ਪੁੱਤਰ ਲਖਨ ਸਿੰਘ ਅਤੇ ਬਲਬਾਗ ਸਿੰਘ ਪੁੱਤਰ ਹਰਭਜਨ ਸਿੰਘ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਮੁਖਤਾਰ ਸਿੰਘ ਪੁੱਤਰ ਨਿਰੰਜਨ ਸਿੰਘ, ਸਤਪਾਲ ਸਿੰਘ ਪੁੱਤਰ ਬੀਰ ਸਿੰਘ, ਬਲਕਾਰ ਸਿੰਘ ਪੁੱਤਰ ਸੇਵਾ ਸਿੰਘ ਅਤੇ ਸਾਹਿਬ ਸਿੰਘ ਪੁੱਤਰ ਸਵਿੰਦਰ ਸਿੰਘ ਜੋ ਜਹਿਰੀਲੀ ਸ਼ਰਾਬ ਦੀ ਭੇਂਟ ਚੜ੍ਹਕੇ ਇਸ ਦੁਨੀਆਂ ਤੋ ਕੂਚ ਕਰ ਗਏ ਹਨ। ਇਸ ਘਟਨਾ ਤੋਂ ਪਿੰਡ ’ਚ ਸੋਗ ਦੀ ਲਹਿਰ ਹੈ। ਮਜੀਠਾ ਕਾਂਗਰਸ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਆਪਣੇ ਸਾਥੀਆਂ ਨਵਦੀਪ ਸਿੰਘ ਸੋਨਾ ਤੇ ਹੋਰਾਂ ਦੇ ਨਾਲ ਪਿੰਡ ਪਹੁੰਚ ਕੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਗੰਭੀਰ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਖ਼ ?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਭਗਵੰਤਪਾਲ ਸਿੰਘ ਸੱਚਰ ਨਾਲ ਕੌਂਸਲਰ ਤੇ ਸ਼ਹਿਰੀ ਪ੍ਰਧਾਨ ਨਵਦੀਪ ਸਿੰਘ ਸੋਨਾ ਤੇ ਹੋਰ ਵੀ ਬਹੁਤ ਸਾਰੇ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

# ਸਿੱਖ ਸੰਸਥਾਵਾਂ ਵੱਲੋਂ ਬਾਦਲ ਦਲ ਦੇ ਸਿਆਸੀ ਏਜੰਡੇ ਤਹਿਤ ਵਿਚਰਨਾ ਜਾਰੀ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ



**ਨਵੀਂ ਦਿੱਲੀ 14 ਮਈ (ਮਨਪ੍ਰੀਤ ਸਿੰਘ ਖਾਲਸਾ):-** ਡਾ: ਮਨਮੋਹਣ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਿੱਖ ਕੌਮ ਦੇ ਹੱਕਾਂ ਹਿੱਤਾਂ ਦੀ ਪੂਰਤੀ ਜਾਂ ਇਨਸਾਫ ਲਈ ਕੋਈ ਐਸੀ ਇਤਿਹਾਸਕ ਪ੍ਰਾਪਤੀ ਨਹੀਂ ਕਰ ਸਕੇ ਜਿਸਦੀ ਬਦੌਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਫੋਟੋ ਅਜਾਇਬ ਘਰ, ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਲਗਾਉਣ ਦਾ ਫੈਸਲਾ ਕੀਤਾ ਹੈ। ਸੰਨ 1947 ਦੌਰਾਨ ਕਾਂਗਰਸ ਵੱਲੋਂ ਵਾਅਦਾ ਖਿਲਾਫੀ, ਪੰਜਾਬੀ ਸੂਬਾ ਮੋਰਚਾ, ਪਾਣੀਆਂ, ਭਾਖੜਾ ਡੈਮ, ਚੰਡੀਗੜ੍ਹ ਰਾਜਧਾਨੀ, 1978 ਦਾ ਸਾਕਾ, ਜੂਨ ’ਤੇ ਨਵੰਬਰ 1984 ਦੇ ਸਾਕੇ ਅਤੇ ਸਿੱਖ ਨਸਲਕੁਸ਼ੀ ਉਸੇ ਕਾਂਗਰਸ ਪਾਰਟੀ ਤਹਿਤ ਵਾਪਰੇ ਦੁਖਾਂਤ ਹਨ ਜਿਸ ਰਾਹੀਂ ਡਾ: ਸਾਹਿਬ ਪ੍ਰਧਾਨ ਮੰਤਰੀ ਬਣੇ। ਮੁੱਖ ਸੇਵਾਦਾਰ ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਸਤਿੰਦਰਪਾਲ ਸਿੰਘ ਮੰਗੂਵਾਲ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਕਿਹਾ ਕਿ ਬੀ. ਜੇ. ਪੀ. ਨਾਲ ਬਾਦਲ ਦਲ ਦੇ ਸਿਆਸੀ ਦਾਅ ਪੇਚਾਂ ਅਤੇ ਬਾਦਲ ਦਲ ਦੀ ਕੁੱਕੜ ਖੇਹ ਦੌਰਾਨ ਸਰਨਾ ਪਰਿਵਾਰ ਦਾ ਬਾਦਲ ਦਲ ਵਿੱਚ ਵੱਧਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਬੀ. ਜੇ. ਪੀ. ਵੱਲੋਂ ਵੱਧ ਤਾਕਤ ਹਾਸਲ ਕਰਨ ਦੀ ਧੌਂਸ ਨੂੰ ਸਿਆਸੀ ਇਸ਼ਾਰਾ ਦੇਣ ਕਿ ਅਸੀਂ ਕਾਂਗਰਸ ਵੱਲ ਵੀ ਭੁਗਤ ਸਕਦੇ ਹਾਂ ਤਹਿਤ ਤਸਵੀਰ ਵਾਲਾ ਫੈਸਲਾ ਲਿਆ ਜਾਪਦਾ ਹੈ। ਸੰਨ 1975 ਵਿੱਚ ਐਮਰਜੈਂਸੀ ਸਮੇਂ ਮੈਡਮ ਗਾਂਧੀ ਵੱਲੋਂ ਰਵਾਇਤੀ ਅਕਾਲੀਆਂ ਨੂੰ ਮੋਰਚਾ ਨਾ ਲਗਾਉਣ ਅਤੇ ਆਪਣੀਆਂ ਮੰਗਾਂ ਲਈ ਗਲਬਾਤ ਕਰਨ ਦੀ ਪੇਸ਼ਕਸ਼ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਜਨਸੰਘ ਨਾਲ ਯਾਰੀ ਨਿਭਾਉਣ ਖਾਤਰ ਰੱਦ ਕਰਵਾਈ ਤੇ ਸਥਿਤੀ ਵਿਗੜਦੀ ਵਿਗੜਦੀ ਇਸ ਮੁਕਾਮ ਤੱਕ ਪਹੁੰਚਾਉਣ ਵਾਲੇ ਕੋਈ ਸਬਕ ਸਿੱਖਣ ਦੀ ਬਜਾਏ ਆਏ ਦਿਨ ਨਵੀਂ ਸਟੰਟਬਾਜੀ ਕਰੀ ਜਾ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਜ਼ਾ ਦਿਓ, ਨਹੀਂ ਤਾਂ ਅਜਿਹੇ ਹੋਰ ਨਿਰਦੋਸ਼ ਲੋਕ ਅਜਿਹੇ ਅਪਰਾਧੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ - ਖਹਿਰਾ



**ਕਪੂਰਥਲਾ, 14 ਮਈ (ਆਵਾਜ਼ਿ ਕੌਮ ਬਿਊਰੋ)**-ਸੋਧ ਸਿੰਘ ਦੀ ਬੁਰੀ ਤਰ੍ਹਾਂ ਨੁਕਸਾਨੀ ਗਈ ਲਾਸ਼ ਦੀ ਬਰਾਮਦਗੀ ਬਾਰੇ ਜਾਣ ਕੇ ਬਹੁਤ ਹੈਰਾਨੀ ਹੋਈ, ਜੋ ਅੱਜ ਕਪੂਰਥਲੇ ਦੇ ਫਤੂਢਿੰਗਾ ਵਿਖੇ 4-5 ਦਿਨਾਂ ਬਾਅਦ ਮਿਲੀ। ਉਹ ਪਟੀ (ਤਰਨ ਤਾਰਨ) ਦੇ ਸਰਹਾਲੀ ਕਲਾਂ ਨਾਲ ਸਬੰਧਤ ਸੀ ਅਤੇ ਮੇਰੇ ਹਲਕੇ ਭੁਲੱਥ ਵਿੱਚ ਅਕਾਲ ਅਕੈਡਮੀ ਵਿੱਚ ਗਤਕਾ ਇੰਸਟ੍ਰਕਟਰ ਵਜੋਂ ਕੰਮ ਕਰਦਾ ਸੀ ਅਤੇ ਹਾਲ ਹੀ ਵਿੱਚ ਪੰਜਾਬੀ ਫਿਲਮ ਨਾਨਕ ਨਾਮ ਜਹਾਜ਼ ਵਿੱਚ ਕੰਮ ਕੀਤਾ ਸੀ। ਮੈਂ ਭਗਵੰਤ ਮਾਨ, ਡੀ. ਜੀ. ਪੀ. ਪੰਜਾਬ, ਐਸਐਸਪੀ ਕਪੂਰਥਲਾ ਅਤੇ ਪੰਜਾਬ ਪੁਲਿਸ ਨੂੰ ਅਪੀਲ ਕਰਦਾ ਹਾਂ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਜ਼ਾ ਦਿਓ, ਨਹੀਂ ਤਾਂ ਅਜਿਹੇ ਹੋਰ ਨਿਰਦੋਸ਼ ਲੋਕ ਅਜਿਹੇ ਅਪਰਾਧੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ – ਖਹਿਰਾ

ਆਵਾਜ਼ਿ ਕੌਮ AWAZE QAUM International Newspaper & WEB TV

# ਗਾਇਕ ਤਰਸੇਮ ਜਲਭੈ ਦੇ ਸਿੰਗਲ ਟ੍ਰੈਕ “ਕੌਮ ਦਾ ਮਸੀਹਾ” ਗੀਤ ਦੀ ਸ਼ੂਟਿੰਗ ਮੁਕੰਮਲ

**ਹੁਸ਼ਿਆਰਪੁਰ, 14 ਮਈ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਦੇ ਲੋਕਾਂ ਦੀ ਝੋਲੀ ਵਿੱਚ ਅਨੇਕਾਂ ਹੀ ਪੰਜਾਬੀ ਅਤੇ ਧਾਰਮਿਕ ਗੀਤ ਪਾ ਚੁੱਕੀ ਪੰਜਾਬ ਦੀ ਨਾਮਵਰ ਕੰਪਨੀ “ ਫੋਕ ਬ੍ਰਦਰਜ਼ ਪ੍ਰੋਡੇਕਸ਼ਨ “ ਦੇ ਪ੍ਰੋਡਿਓਸਰ ਦੀ ਦੇਖ ਰੇਖ ਹੇਠ ਦੁਆਬੇ ਦੀ ਬੁਲੰਦ ਅਵਾਜ ਦੇ ਮਾਲਕ ਗਾਇਕ ਤਰਸੇਮ ਜਲਭੈ ਦੀ ਸੁਰੀਲੀ ਆਵਾਜ ਵਿੱਚ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਦਰਸਾਉਦਾ ਇੱਕ ਉਦਾਸ ਸਿੰਗਲ ਟ੍ਰੈਕ “ਕੌਮ ਦਾ ਮਸੀਹਾ” ਧਾਰਮਿਕ ਗੀਤ ਦੀ ਸ਼ੂਟਿੰਗ ਡੇਰਾ ਸੱਚਖੰਡ ਬੱਲਾ ਵਿਖੇ ਡੀਓਪੀ ਬੱਧਣ ਫੋਟੋਗ੍ਰਾਫਰ, ਕੈਮਰਾਮੈਨ ਗੋਲਡੀ ਸੰਧੂ ਅਤੇ ਲਾਡੀ ਬੱਧਣ ਵਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਖ਼ੂਬਸੂਰਤ ਲੁਕੇਸ਼ਨਾ ਤੇ ਸੂਟ ਕਰਕੇ ਸ਼ੂਟਿੰਗ ਮੁਕੰਮਲ ਕੀਤੀ ਗਈ। ਇਸ ਮੌਕੇ ਕੰਪਨੀ ਦੇ ਪ੍ਰੋਡਿਓਸਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਧਾਰਮਿਕ ਗੀਤ “ਕੌਮ ਦਾ ਮਸੀਹਾ” ਨੂੰ ਮਿਊਜ਼ਿਕ ਦੀਆ ਮਿੱਠੀਆਂ ਤਰੰਗਾ ਵਿੱਚ ਅਨੇਕਾਂ ਹੀ ਗੀਤਾ, ਸ਼ੌਟ ਮੂਵੀ, ਅਤੇ ਪੰਜਾਬੀ ਫ਼ਿਲਮਾਂ ਵਿੱਚ ਸੰਗੀਤ ਦੇ ਚੁੱਕੇ ਮਿਊਜਿਕ ਡਾਇਰੇਕਟਰ ਸੁਨੀਲ ਬਾਵਾ ਨੇ ਪਰੋਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੇਰੇ ਦੇ ਸੇਵਾਦਾਰ ਹਰਦੇਵ, ਹਰਮੇਸ਼, ਧਰਮਾ, ਵਰਿੰਦਰ ਬੱਬੂ ਆਦਿ ਹਾਜ਼ਰ ਸਨ।

# ਐਸਕੇਐਮ ਦੇ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਯੰਗਬਾਜਾਂ ਖਿਲਾਫ ਕੀਤਾ ਰੋਸ ਪ੍ਰਦਰਸ਼ਨ

**ਹੁਸ਼ਿਆਰਪੁਰ, 14 ਮਈ (ਆਵਾਜ਼ਿ ਕੌਮ ਬਿਊਰੋ)**-ਹਰਬੰਸ ਸਿੰਘ ਸੰਘਾ ਮੈਂਬਰ ਐਸ.ਕੇ.ਐਮ ਪੰਜਾਬ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਵਿਖੇ ਜੰਗਬਾਜਾਂ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਸਰਗਰਮ ਮੈਂਬਰ ਸ਼ਾਮਲ ਹੋਏ। ਬੁਲਾਰਿਆਂ ਨੇ ਜੰਗਬਾਜਾਂ ਦੇ ਮਨਸੂਬਿਆਂ ਤੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਦੱਸਿਆ ਕਿ ਉਹ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਵੱਖ-ਵੱਖ ਤਬਕਿਆਂ ਨੂੰ ਆਪਸ ਵਿੱਚ ਲੜਾਉਣ ਦੀ ਕੋਸ਼ਿਸ਼ਾਂ ਕਰ ਰਹੇ ਹਨ। ਇਹ ਦੋਵੇਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਦੀ ਲੋੜ ਹੈ। ਸਾਡੇ ਦੇਸ਼ ਭਾਰਤ ਵਿੱਚ ਜਦੋਂ ਵੀ ਚੋਣਾਂ ਆਉਂਦੀਆਂ ਹਨ, ਉਸ ਸਮੇਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਜਿਸ ਦਾ ਫਾਇਦਾ ਹਾਕਮ ਧਿਰ ਲੈਣ ਲਈ ਤਿਆਰ ਰਹਿੰਦੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਜੰਗ ਨਹੀਂ ਅਮਨ ਚਾਹੁੰਦੇ ਹਨ, ਉਨ੍ਹਾਂ ਦੋਵਾਂ ਦੇਸ਼ਾਂ ਦੀਆਂ ਜੰਗਬਾਜ ਸਰਕਾਰਾਂ ਨੂੰ ਲਾਹਨਤਾਂ ਪਾਈਆਂ। ਬੁਲਾਰਿਆਂ ਨੇ ਦਸਿਆ ਕਿ ਹਰ ਵਾਰ ਪੰਜਾਬ ਦੀ ਧਰਤੀ ਨੂੰ ਜੰਗ ਦਾ ਅਖਾੜਾ ਬਣਇਆ ਜਾਂਦਾ ਹੈ। ਹਾਕਮ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੇ ਹਨ। ਇਸ ਇਕੱਠ ਨੂੰ ਭੁਪਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ, ਰਜਿੰਦਰ ਸਿੰਘ ਬੀ.ਕੇ.ਯੂ ਉਗਰਾਹਾਂ, ਹਰਬੰਸ ਸਿੰਘ ਸੰਘਾ ਕਿਸਾਨ ਕਮੇਟੀ ਦੋਆਬਾ ਪੰਜਾਬ, ਸਾਥੀ ਹੀਰ ਅਤੇ ਹੋਰ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ।

# ਡੇਂਗੂ ਅਤੇ ਮਲੇਰੀਆ ਸਬੰਧੀ ਲੋਕਾਂ ਨੂੰ ਘਰ ਘਰ ਜਾਕੇ ਜਾਗਰੂਕ ਕੀਤਾ ਗਿਆ

**ਚੋਹਲਾ ਸਾਹਿਬ, 14 ਮਈ (ਆਵਾਜ਼ਿ ਕੌਮ ਬਿਊਰੋ)**- ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ, ਜ਼ਿਲਾ ਐਪੀਡੀਮੋਲੋਜਿਸਟ ਡਾਕਟਰ ਅਵਲੀਨ ਕੌਰ, ਡਾਕਟਰ ਸੁਖਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ ਦਫਤਰ ਸਿਵਲ ਸਰਜਨ ਤਰਨ ਤਾਰਨ ਵੱਲੋਂ ਸੀ ਐਚ ਸੀ ਸਰਹਾਲੀ ਦੇ ਏਰੀਏ ਦਾ ਟੂਰ ਕੀਤਾ ਜਿਸ ਦੌਰਾਨ ਡਾਕਟਰ ਵਿਵੇਕ ਕੁਮਾਰ, ਬਲਾਕ ਐਜੂਕੇਟਰ ਬਲਰਾਜ ਸਿੰਘ, ਮਲਟੀਪਰਪਜ ਹੈਲਥ ਸੁਪਰਵਾਈਜ਼ਰ ਮੇਲ ਸਤਨਾਮ ਸਿੰਘ, ਮ ਪ ਹ ਵ ਮੇਲ ਜਸਪਿੰਦਰ ਸਿੰਘ, ਬਰੀਡਿੰਗ ਚੈੱਕਰ ਸਵਰਨ ਸਿੰਘ ਆਦਿ ਤੇ ਅਧਾਰਿਤ ਟੀਮ ਨਾਲ ਘਰਾਂ ਵਿੱਚ ਜਾਕੇ ਮੱਛਰ ਦੀ ਪੈਦਾਇਸ਼ ਨੂੰ ਰੋਕਣ ਸਬੰਧਿਤ ਲੋਕਾਂ ਨੂੰ ਜਾਗਰੂਕ ਕੀਤਾ।